# Sunday Samaj Weekly

Vol :15 : # 633: 30/11/2025 - 06/12/2025 | www.samajweekly.com | samajweekly | @samajweekly

Punjabi, Hindi & English Newspaper- Uk&Eu Edition


# ਇਜ਼ਰਾਈਲ-ਹਮਾਸ ਜੰਗ ’ਚ 70,000 ਤੋਂ ਵੱਧ ਫ਼ਲਸਤੀਨੀ ਮਾਰੇ ਗਏ




**ਦੀਰ ਅਲ-ਬਲਾਹ.** ਗਾਜ਼ਾ ਦੇ ਸਿਹਤ ਮੰਤਰਾਲੇ ਨੇ ਅੱਜ ਦੱਸਿਆ ਕਿ ਇਜ਼ਰਾਈਲ-ਹਮਾਸ ਵਿਚਾਲੇ ਜੰਗ ਸ਼ੁਰੂ ਹੋਣ ਤੋਂ ਬਾਅਦ ਫ਼ਲਸਤੀਨੀਆਂ ਦੀਆਂ ਮੌਤਾਂ ਦਾ ਅੰਕੜਾ 70,000 ਤੋਂ ਟੱਪ ਗਿਆ ਹੈ। ਇਸੇ ਦੌਰਾਨ ਹਸਪਤਾਲ ਨੇ ਕਿਹਾ ਕਿ ਇਜ਼ਰਾਇਲੀ ਗੋਲੀਬਾਰੀ ’ਚ ਖੇਤਰ ਦੇ ਦੱਖਣੀ ਹਿੱਸੇ ਵਿੱਚ ਦੋ ਫਲਸਤੀਨੀ ਬੱਚੇ ਮਾਰੇ ਗਏ ਹਨ। ਇਹ ਜੰਗ 7 ਅਕਤੂਬਰ 2023 ਨੂੰ ਹਮਾਸ ਵੱਲੋਂ ਦੱਖਣੀ ਇਜ਼ਰਾਈਲ ’ਤੇ ਕੀਤੇ ਹਮਲੇ, ਜਿਸ ਵਿੱਚ ਲਗਪਗ 1,200 ਲੋਕ ਮਾਰੇ ਗਏ ਸਨ ਅਤੇ ਅਤਿਵਾਦੀਆਂ ਨੇ 250 ਤੋਂ ਵੱਧ ਲੋਕਾਂ ਨੂੰ ਬੰਦੀ ਲਿਆ ਸੀ, ਮਗਰੋਂ ਸ਼ੁਰੂ ਹੋਈ ਸੀ। ਇਸ ਸਾਲ 10 ਅਕਤੂਬਰ ਨੂੰ ਨਵੀਂ ਜੰਗਬੰਦੀ ਲਾਗੂ ਹੋਣ ਮਗਰੋਂ ਮੌਤਾਂ ਦੀ ਗਿਣਤੀ ਵੱਧ ਰਹੀ ਹੈ। ਜੰਗਬੰਦੀ ਦੀ ਉਲੰਘਣਾ ਦੇ ਜਵਾਬ ਇਜ਼ਰਾਈਲ ਹਾਲੇ ਵੀ ਹਮਲੇ ਕਰ ਰਿਹਾ ਹੈ ਅਤੇ ਜੰਗ ਦੇ ਸ਼ੁਰੂਆਤੀ ਦਿਨਾਂ ਦੌਰਾਨ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਮਲਬੇ ’ਚੋਂ ਬਰਾਮਦ ਕੀਤੀਆਂ ਜਾ ਰਹੀਆਂ ਹਨ। ਹਮਾਸ ਦੀ ਸਰਕਾਰ ਅਧੀਨ ਕੰਮ ਕਰਦੇ ਸਿਹਤ ਮੰਤਰਾਲੇ ਮੁਤਾਬਕ ਫਲਸਤੀਨੀਆਂ ਦੀਆਂ ਮੌਤਾਂ ਦੀ ਗਿਣਤੀ ਹੁਣ 70,100 ਤੱਕ ਪਹੁੰਚ ਗਈ ਹੈ। ਸਿਹਤ ਮੰਤਰਾਲੇ ’ਚ ਪੇਸ਼ੇਵਰ ਮੈਡੀਕਲ ਸਟਾਫ ਕੰਮ ਕਰਦਾ ਹੈ ਤੇ ਤਫ਼ਸੀਲ ’ਚ ਰਿਕ-ਾਰਡ ਰੱਖਦਾ ਹੈ ਜਿਸ ਨੂੰ ਕੌਮਾਂਤਰੀ ਭਾਈਚਾਰਾ ਭਰੋਸੇਯੋਗ ਮੰਨਦਾ ਹੈ।

# ਨਿਆਂਪਾਲਿਕਾ ਦੇ ਸਾਹਮਣੇ ਅਸਲ ਚੁਣੌਤੀ ਜ਼ਿਲ੍ਹਾ ਅਦਾਲਤ ਪੱਧਰ 'ਤੇ ਹੈ: ਚੀਫ਼ ਜਸਟਿਸ

**ਨਵੀਂ ਦਿੱਲੀ।** ਭਾਰਤ ਦੇ ਮੁੱਖ ਜੱਜ (ਸੀਜੇਆਈ) ਸੂਰਿਆ ਕਾਂਤ ਨੇ ਸ਼ਨੀਵਾਰ ਨੂੰ ਕਿਹਾ ਕਿ ਨਿਆਂਪਾਲਿਕਾ ਦੇ ਸਾਹਮਣੇ ਅਸਲ ਚੁਣੌਤੀ ਜ਼ਿਲ੍ਹਾ ਅਦਾਲਤ ਪੱਧਰ 'ਤੇ ਹੈ, ਜੋ ਕਿ ਨਿਆਂ ਦੀ ਮੰਗ ਕਰਨ ਵਾਲੇ ਜ਼ਿਆਦਾਤਰ ਨਾਗਰਿਕਾਂ ਲਈ ਸੰਪਰਕ ਦਾ ਪਹਿਲਾ ਬਿੰਦੂ ਹੈ।

ਬਾਰ ਕੌਂਸਲ ਆਫ਼ ਇੰਡੀਆ (ਬੀਸੀਆਈ) ਦੁਆਰਾ ਆਯੋਜਿਤ ਇੱਕ ਪੁਰਸਕਾਰ ਸਮਾਰੋਹ ਵਿੱਚ ਬੋਲਦਿਆਂ, ਚੀਫ਼ ਜਸਟਿਸ ਨੇ ਕਿਹਾ ਕਿ ਕਿਸੇ ਵੀ ਵਿਵਸਥਾ ਦੀ ਮੁੱਖ ਚਿੰਤਾ ਜ਼ਿਲ੍ਹਾ ਅਦਾਲਤਾਂ ਦੀ ਮੁਕੱਦਮੇਬਾਜ਼ਾਂ ਨੂੰ ਨਿਆਂ ਪ੍ਰਦਾਨ ਕਰਨ ’ਚ ਸਮਰੱਥ ਹੋਵੇ। ਚੀਫ਼ ਜਸਟਿਸ ਨੇ ਕਿਹਾ, "ਭਾਰਤੀ ਨਿਆਂਪਾਲਿਕਾ ਦੇ ਸਾਹਮਣੇ ਅਸਲ ਚੁਣੌਤੀ ਜ਼ਮੀਨੀ ਪੱਧਰ 'ਤੇ ਹੈ। ਜ਼ਿਲ੍ਹਾ ਨਿਆਂਪਾਲਿਕਾ ਜਿਸ ਗਤੀ,



ਮਨੁੱਖਤਾ ਅਤੇ ਬੁੱਧੀ ਨਾਲ ਕੰਮ ਕਰਦੀ ਹੈ, ਅਤੇ ਜਿਸ ਆਜ਼ਾਦੀ ਅਤੇ ਨਿਡਰਤਾ ਨਾਲ ਇਹ ਨਿਆਂ ਪ੍ਰਦਾਨ ਕਰਦੀ ਹੈ, ਉਹ ਪੂਰੇ ਨਿਆਂਇਕ ਢਾਂਚੇ ਦੇ ਸਭ ਤੋਂ ਮਹੱਤਵਪੂਰਨ ਹਿੱਸੇ ਹਨ।" ਚੀਫ਼ ਜਸਟਿਸ ਨੇ ਕਿਹਾ ਕਿ 70 ਪ੍ਰਤੀਸ਼ਤ ਮੁਕੱਦਮੇਬਾਜ਼ ਉਮੀਦ ਕਰਦੇ ਹਨ ਕਿ ਉਨ੍ਹਾਂ ਦੀ ਕਿਸਮਤ ਦਾ ਫੈਸਲਾ ਜ਼ਿਲ੍ਹਾ ਪੱਧਰ 'ਤੇ ਹੋਵੇਗਾ। ਵਿਕਲਪਿਕ ਵਿਵਾਦ ਹੱਲ ਦੀ ਵਕਾਲਤ ਕਰਦੇ ਹੋਏ, ਉਨ੍ਹਾਂ ਕਿਹਾ ਕਿ ਪੁਰਾਣੀ ਗਲਤ ਧਾਰਨਾ ਕਿ ਵਿਚੋਲਗੀ ਨਿਆਂਪਾਲਿਕਾ 'ਤੇ ਮਾੜਾ ਪ੍ਰਭਾਵ ਪਾਵੇਗੀ, ਹੁਣ ਕਿਸੇ ਨੂੰ ਵੀ ਸਵੀਕਾਰ ਨਹੀਂ ਹੈ।

ਚੀਫ਼ ਜਸਟਿਸ ਨੇ ਕਿਹਾ, "ਵਿਚੋਲਗੀ ਪੇਸ਼ੇ ਦਾ ਇੱਕ ਮਜ਼ਬੂਤ ਥੰਮ੍ਹ ਬਣਦੀ ਜਾ ਰਹੀ ਹੈ। ਮੈਨੂੰ ਅਹਿਸਾਸ ਹੋਇਆ ਕਿ ਵਿਚੋਲਗੀ ਇੱਕ ਸ਼ਕਤੀਸ਼ਾਲੀ ਸਾਧਨ ਹੈ ਜੋ ਭਾਰਤ ਵਿੱਚ ਵੀ ਬਹੁਤ ਸਾਰੀਆਂ ਸਫਲਤਾ ਦੀਆਂ ਕਹਾਣੀਆਂ ਸਿਰਜ ਸਕਦਾ ਹੈ।" ਉਨ੍ਹਾਂ ਕਿਹਾ ਕਿ ਕਾਨੂੰਨੀ ਪੇਸ਼ੇ ਵਿੱਚ ਨੌਜਵਾਨਾਂ ਦੀ ਚੰਗੀ ਗਿਣਤੀ ਬਣਾਈ ਰੱਖਣ ਦੀ ਲੋੜ ਹੈ।

# ਸਮਯ ਰੈਨਾ ਦੀਆਂ ਅਪਮਾਨਜਨਕ ਟਿੱਪਣੀਆਂ 'ਤੇ ਸੁਪਰੀਮ ਕੋਰਟ ਨੇ ਅਪਣਾਇਆ ਸਖ਼ਤ ਰੁਖ

**ਨਵੀਂ ਦਿੱਲੀ।** ਪ੍ਰਸਿੱਧ ਕਾਮੇਡੀਅਨ ਅਤੇ ਸੋਸ਼ਲ ਮੀਡੀਆ ਇਨਫਲੂਐਂਸਰ ਸਮਯ ਰੈਨਾ ਨੂੰ ਅਪਾਹਜਾਂ ਦਾ ਮਜ਼ਾਕ ਉਡਾਉਣ ਦੇ ਨਤੀਜੇ ਭੁਗਤਣੇ ਪਏ ਹਨ। ਕੁਝ ਸਮਾਂ ਪਹਿਲਾਂ ਉਸ ਨੇ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹੋਏ ਅਸੰਵੇਦਨਸ਼ੀਲ ਟਿੱਪਣੀਆਂ ਕੀਤੀਆਂ ਸਨ। ਬਾਅਦ ਵਿੱਚ ਉਸ ਨੇ ਮੁਆਫੀ ਮੰਗੀ। ਫਿਰ ਸੁਪਰੀਮ ਕੋਰਟ ਨੇ ਰੈਨਾ ਨੂੰ ਸੋਸ਼ਲ ਮੀਡੀਆ ਤੋਂ ਵੀਡੀਓ ਡਿਲੀਟ ਕਰਨ ਦਾ ਹੁਕਮ ਦਿੱਤਾ। ਸੁਪਰੀਮ ਕੋਰਟ ਨੇ ਰੈਨਾ ਅਤੇ 4 ਹੋਰ ਕਾਮੇਡੀਅਨਾਂ ਨੂੰ ਮਹੀਨੇ ਵਿੱਚ ਘੱਟੋ-ਘੱਟ 2 ਵਾਰ ਅਪਾਹਜਾਂ ਲਈ ਫੰਡ ਇਕੱਠਾ ਕਰਨ ਲਈ ਸਮਾਗਮ ਕਰਨ ਦਾ ਹੁਕਮ ਦਿੱਤਾ ਹੈ, ਤਾਂ ਜੋ ਇਸ ਕਮਾਈ ਦੀ ਵਰਤੋਂ ਅਪਾਹਜਾਂ ਦੇ ਇਲਾਜ ਲਈ ਕੀਤੀ ਜਾ ਸਕੇ।



ਇਹ ਹੁਕਮ ਭਾਰਤ ਦੇ ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੀ ਬੈਂਚ ਦੁਆਰਾ ਜਾਰੀ ਕੀਤਾ ਗਿਆ ਸੀ। ਉਹ ਕਿਊਰ ਐਸਐਮਏ ਇੰਡੀਆ ਫਾਊਂਡੇਸ਼ਨ ਦੁਆਰਾ ਦਾਇਰ ਪਟੀਸ਼ਨ ਦੀ ਸੁਣਵਾਈ ਕਰ ਰਹੇ ਸਨ, ਜਿਸ ਵਿੱਚ ਅਪਾਹਜਾਂ ਦੀ ਸ਼ਾਨ ਦੀ ਉਲੰਘਣਾ ਕਰਨ ਵਾਲੀ ਆਨਲਾਈਨ ਕੰਟੈਂਟ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ ਸੀ।

# ਸੰਘਰਸ਼ ਕਰ ਰਹੇ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਕੱਚੇ ਮੁਲਾਜ਼ਮ ਸਸਪੈਂਡ

## ਹਾਲੇ ਤੱਕ ਨਾਮ ਨਹੀਂ ਹੋਏ ਜਾਰੀ: ਪੰਜਾਬ ਸੂਬਾ ਪ੍ਰਧਾਨ



**ਮੋਹਾਲੀ:** ਪਨਬਸ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਕੱਚੇ ਮੁਲਾਜ਼ਮਾਂ ਵੱਲੋਂ ਲਗਾਤਾਰ ਸੰਘਰਸ਼ ਉਲੀਕੇ ਜਾ ਰਹੇ ਸਨ, ਜਿਸ ਤਹਿਤ ਬੀਤੇ ਦਿਨ ਦੀ ਕਾਰਵਾਈ ਤੋਂ ਬਾਅਦ ਹੁਣ ਉਹਨਾਂ ਦੇ ਸਸਪੈਂਸ਼ਨ ਆਰਡਰ ਕੱਢੇ ਜਾ ਰਹੇ ਨੇ। ਪੂਰੇ ਪੰਜਾਬ ਭਰ ਵਿੱਚੋਂ ਹਰ ਜ਼ਿਲ੍ਹੇ ਦੇ ਵਿੱਚੋਂ ਪੰਜ ਤੋਂ ਸੱਤ ਅਜਿਹੇ ਮੁਲਾਜ਼ਮ ਨੇ, ਜਿਨਾਂ ਨੂੰ ਸਸਪੈਂਡ ਕਰਨ ਲਈ ਆਰਡਰ ਤਿਆਰ ਕਰ ਲਏ ਗਏ ਹਨ। ਪਰ ਇਹ ਆਰਡਰ ਸਿਰਫ ਪਨਬਸ ਅਤੇ ਪੰਜਾਬ ਰੋਡਵੇਜ਼ ਦੇ ਕੱਚੇ ਮੁਲਾਜ਼ਮਾਂ ਲਈ ਹੀ ਕੱਢੇ ਗਏ ਹਨ। ਹਾਲਾਂਕਿ ਇਹਨਾਂ ਦੇ ਆਰਡਰ ਹਾਲੇ ਤੱਕ ਰਿਲੀਜ਼ ਨਹੀਂ ਕੀਤੇ ਗਏ, ਜਿਨ੍ਹਾਂ ਨੂੰ ਸਸਪੈਂਡ ਕੀਤਾ ਗਿਆ, ਉਹਨਾਂ ਦੇ ਨਾਮ ਜਾਰੀ ਨਹੀਂ ਕੀਤੇ ਗਏ ਹਨ। ਇਸ ਦੌਰਾਨ ਪੰਜਾਬ ਦੇ ਸੂਬਾ ਪ੍ਰਧਾਨ ਰੇਸ਼ਮ ਨਾਲ ਗੱਲਬਾਤ ਕੀਤੀ, ਤਾਂ ਉਹਨਾਂ ਦੱਸਿਆ ਕਿ ਪੂਰੇ ਪੰਜਾਬ ਵਿੱਚੋਂ ਇਹ ਆਰਡਰ ਕੱਢੇ ਗਏ ਹਨ, ਪਰ ਹਾਲੇ ਤੱਕ ਨਾਮ ਜਾਰੀ ਨਹੀਂ ਹੋਏ। ਇਹਨਾਂ ਵਿੱਚੋਂ ਪੀਆਰਟੀਸੀ ਦਾ ਕੋਈ ਵੀ ਮੁਲ-ਾਜ਼ਮ ਨਹੀਂ ਹੈ, ਜਿਸ ਨੂੰ ਸਪੈਂਡ ਕੀਤਾ ਗਿਆ ਹੈ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਚੜ੍ਹਦੀ ਸਵੇਰ ਸਵਾਰੀਆਂ ਨਾਲ ਭਰੀ ਬੱਸ ਦਾ ਭਿਆਨਕ ਐਕਸੀਡੈਂਟ, 2 ਲੋਕਾਂ ਦੀ ਮੌਤ



**ਕੋਟਾ।** ਰਾਜਸਥਾਨ ਦੇ ਕੋਟਾ ਵਿੱਚ ਚੜ੍ਹਦੀ ਸਵੇਰ ਵੱਡਾ ਹਾਦਸਾ ਵਾਪਰ ਗਿਆ। ਲਾਈਨ 8 'ਤੇ ਇੱਕ ਨਿੱਜੀ ਸਲੀਪਰ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਹਾਦਸੇ ਵਿਚ ਦੋ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਸੱਤ-ਅੱਠ ਯਾਤਰੀ ਜ਼ਖ਼ਮੀ ਹੋ ਗਏ। ਕਲਪਨਾ ਟਰੈਵਲਜ਼ ਦੀ ਬੱਸ ਦਿੱਲੀ ਤੋਂ ਇੰਦੌਰ ਜਾ ਰਹੀ ਸੀ। ਇਸ ਵਿੱਚ ਲਗਭਗ 42 ਲੋਕ ਸਵਾਰ ਸਨ। ਜ਼ਖ਼ਮੀਆਂ ਨੂੰ ਇਲਾਜ ਲਈ ਕੋਟਾ ਦੇ ਨਿਊ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ। ਇਹ ਘਟਨਾ ਸਵੇਰੇ 4:30 ਵਜੇ ਦੇ ਕਰੀਬ ਵਾਪਰੀ। ਕੈਥੂਨ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਸੰਦੀਪ ਸ਼ਰਮਾ ਨੇ ਦੱਸਿਆ ਕਿ ਐਮਪੀ ਰਜਿਸਟ੍ਰੇਸ਼ਨ ਨੰਬਰ 8 ਵਾਲੀ ਇੱਕ ਸਲੀਪਰ ਬੱਸ ਅਰੰਦਖੇੜਾ ਨੇੜੇ ਪਾਰਲੀਆ ਦੀ ਲਾਈਨ 8 'ਤੇ ਇੱਕ ਅਣਪਛਾਤੇ ਵਾਹਨ ਨਾਲ ਟਕਰਾ ਗਈ। ਹਾਦਸੇ ਵਿੱਚ ਦੋ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਜਦਕਿ ਸੱਤ ਤੋਂ ਅੱਠ ਲੋਕ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਇਲਾਜ ਲਈ ਕੋਟਾ ਰੈਫਰ ਕੀਤਾ ਗਿਆ ਹੈ। ਹਾਦਸੇ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗ ਸਕਿਆ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਦਿੱਲੀ: ਬੈਂਕਾਕ ਤੋਂ ਕੱਢੇ ਜਾਣ ਤੋਂ ਬਾਅਦ ਲੋੜੀਂਦਾ ਗੈਂਗਸਟਰ ਗ੍ਰਿਫ਼ਤਾਰ



**ਨਵੀਂ ਦਿੱਲੀ:** ਫਰਜ਼ੀ ਪਾਸਪੋਰਟ ਦੀ ਮਦਦ ਨਾਲ ਦੇਸ਼ ਛੱਡ ਕੇ ਭੱਜੇ ਇੱਕ ਲੋੜੀਂਦੇ ਗੈਂਗਸਟਰ ਨੂੰ ਬੈਂਕਾਕ ਤੋਂ ਕੱਢੇ ਜਾਣ (ਡਿਪੋਰਟ) ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ।ਪੁਲਿਸ ਮੁਤਾਬਕ ਗ੍ਰਿਫ਼ਤਾਰ ਕੀਤਾ ਗਿਆ ਬਦਨਾਮ ਅਪਰਾਧੀ ਵਿਦੇਸ਼ੀ ਗੈਂਗਸਟਰ ਗੋਲਡੀ ਢਿੱਲੋਂ ਦੀ ਮਦਦ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਆਪਣੇ ਅਪਰਾਧਿਕ ਨੈਟਵਰਕ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।ਪੁਲਿਸ ਨੇ ਦੱਸਿਆ ਕਿ ਮੁਲਜ਼ਮ ਹਰਸਿਮਰਨ ਉਰਫ਼ ਬਾਦਲ ਉਰਫ਼ ਸਿਮਰਨ (38) ਨੂੰ ਭਾਰਤੀ ਕੇਂਦਰੀ ਏਜੰਸੀਆਂ ਅਤੇ ਥਾਈਲੈਂਡ ਦੇ ਅਧਿਕਾਰੀਆਂ ਵਿਚਾਲੇ ਤਾਲਮੇਲ ਵਾਲੀਆਂ ਕੋਸ਼ਿਸ਼ਾਂ ਤੋਂ ਬਾਅਦ 26 ਨਵੰਬਰ ਨੂੰ ਬੈਂਕਾਕ ਤੋਂ ਦਿੱਲੀ ਭੇਜਿਆ ਗਿਆ ਸੀ। ਹਰਸਿਮਰਨ ਦਿੱਲੀ ਦੇ ਪੂਰਬੀ ਸ਼ਾਲੀਮਾਰ ਬਾਗ ਦਾ ਵਾਸੀ ਹੈ। ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਮੁਤਾਬਕ ਜਾਂਚਕਰਤਾਵਾਂ ਨੇ ਦੱਸਿਆ ਕਿ ਹਰਸਿਮਰਨ ਨੇ ਗੋਰਖਪੁਰ ਤੋਂ ਰਾਜੇਸ਼ ਸਿੰਘ ਦੇ ਨਕਲੀ ਨਾਂਅ ਨਾਲ ਪਾਸਪੋਰਟ ਹਾਸਲ ਕੀਤਾ ਸੀ ਅਤੇ ਯੂਰੋਪ ਵਿੱਚ ਬੈਠੇ ਗੈਂਗਸਟਰ ਗੋਲਡੀ ਢਿੱਲੋਂ ਦੀ ਮਦਦ ਨਾਲ ਇਸ ਸਾਲ ਜਨਵਰੀ ਵਿੱਚ ਬੈਂਕਾਕ ਚਲਾ ਗਿਆ ਸੀ।ਇਸ ਤੋਂ ਬਾਅਦ ਹਰਸਿਮਰਨ ਦੁਬਈ ਗਿਆ ਅਤੇ ਮਨੁੱਖ ਤਸਕਰਾਂ ਤੇ ਢਿੱਲੋਂ ਦੇ ਸਾਥੀਆਂ ਦੀ ਮਦਦ ਨਾਲ ਅਮਰੀਕਾ ਤੇ ਯੂਰੋਪ ਪਹੁੰਚਣ ਦੀ ਕੋਸ਼ਿਸ਼ ਕੀਤੀ।ਪੁਲਿਸ ਨੇ ਦੱਸਿਆ ਕਿ ਅਜ਼ਰਬਾਈਜਾਨ ਅਤੇ ਬਾਅਦ ਵਿੱਚ ਬੇਲਾਰੂਸ-ਲਾਤਵੀਆ-ਪੋਲੈਂਡ ਰਾਹੀਂ ਯੂਰੋਪ ਵਿੱਚ ਦਾਖ਼ਲ ਹੋਣ ਦੀਆਂ ਹਰਸਿਮਰਨ ਦੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ, ਜਿਸ ਤੋਂ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਨਿਕਾਲ ਦਿੱਤਾ ਗਿਆ।

ਪੁਲਿਸ ਮੁਤਾਬਕ ਹਰਸਿਮਰਨ ਵੀਜ਼ਾ ਵਧਾਉਣ ਲਈ ਬੈਂਕਾਕ ਵਾਪਸ ਪਰਤਿਆ ਅਤੇ ਭਾਰਤੀ ਏਜੰਸੀਆਂ ਵੱਲੋਂ ਦਿੱਤੀ ਜਾਣਕਾਰੀ ਦੇ ਅਧਾਰ 'ਤੇ ਉਸ ਨੂੰ ਉੱਥੇ ਹਿਰਾਸਤ ਵਿੱਚ ਲੈ ਲਿਆ ਗਿਆ।ਉਸ ਨੇ ਦੱਸਿਆ ਕਿ ਨਕਲੀ ਪਛਾਣ ਦੇ ਅਧਾਰ 'ਤੇ ਲਿਆ ਗਿਆ ਉਸ ਦਾ ਪਾਸਪੋਰਟ ਵਿਦੇਸ਼ ਮੰਤਰਾਲੇ ਨੇ ਰੱਦ ਕਰ ਦਿੱਤਾ ਸੀ, ਜਿਸ ਕਾਰਨ ਉਸ ਨੂੰ ਨਿਕਾਲਣ ਵਿੱਚ ਆਸਾਨੀ ਹੋਈ।ਪੁਲਿਸ ਨੇ ਦੱਸਿਆ ਕਿ ਹਰਸਿਮਰਨ ਨੂੰ ਦਿੱਲੀ ਹਵਾਈ ਅੱਡੇ 'ਤੇ ਪਹੁੰਚਦੇ ਸਾਰ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਭਾਰਤੀ ਨਿਆਂ ਸੰਹਿਤਾ ਅਤੇ ਹਥਿਆਰ ਐਕਟ ਦੇ ਪ੍ਰਾਵਧਾਨਾਂ ਅਧੀਨ ਦਰਜ ਐਫਆਈਆਰ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।ਹਰਸਿਮਰਨ ਦਾ ਕਾਫ਼ੀ ਪੁਰਾਣਾ ਅਪਰਾਧਿਕ ਇਤਿਹਾਸ ਹੈ ਅਤੇ ਉਸ ਦਾ ਨਾਂਅ ਜ਼ਬਰਦਸਤੀ ਵਸੂਲੀ, ਕਤਲ, ਕਤਲ ਦੀ ਕੋਸ਼ਿਸ਼ ਤੇ ਹਥਿਆਰ ਐਕਟ ਅਧੀਨ ਅਪਰਾਧਾਂ ਸਮੇਤ 23 ਮਾਮਲਿਆਂ ਵਿੱਚ ਦਰਜ ਹੈ।

## ਪੰਜਾਬ ਵਿਚ ਅੱਜ ਠੰਢ ਕੱਢੇਗੀ ਵੱਟ, ਅੱਜ ਤੇ ਕੱਲ੍ਹ ਸੀਤ ਲਹਿਰ ਦਾ ਅਲਰਟ ਜਾਰੀ



**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਹੁਣ ਸੀਤ ਲਹਿਰ ਚੱਲ ਰਹੀ ਹੈ। ਮੌਸਮ ਵਿਭਾਗ ਨੇ ਅੱਜ ਅਤੇ ਕੱਲ੍ਹ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਹ ਅਲਰਟ ਸੱਤ ਜ਼ਿਲ੍ਹਿਆਂ ਲਈ ਜਾਰੀ ਕੀਤਾ ਗਿਆ ਹੈ। ਘੱਟੋ-ਘੱਟ ਤਾਪਮਾਨ ਲਗਾਤਾਰ ਡਿੱਗ ਰਿਹਾ ਹੈ। ਪਿਛਲੇ 24 ਘੰਟਿਆਂ ਵਿਚ ਸੂਬੇ ਦਾ ਔਸਤ ਘੱਟੋ-ਘੱਟ ਤਾਪਮਾਨ 0.2 ਡਿਗਰੀ ਘੱਟ ਗਿਆ ਹੈ। ਇਹ ਹੁਣ ਆਮ ਤਾਪਮਾਨ ਦੇ ਨੇੜੇ ਪਹੁੰਚ ਗਿਆ ਹੈ। ਫਰੀਦਕੋਟ ਪੰਜਾਬ ਦਾ ਸਭ ਤੋਂ ਠੰਡਾ ਸਥਾਨ ਸੀ, ਜਿੱਥੇ ਘੱਟੋ-ਘੱਟ ਤਾਪਮਾਨ 2.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅਨੁਸਾਰ, ਉੱਤਰੀ ਪਾਕਿ-ਸਤਾਨ ਤੋਂ ਇੱਕ ਪੱਛਮੀ ਗੜਬੜ ਸਰਗਰਮ ਹੋ ਗਈ ਹੈ ਅਤੇ ਹੁਣ ਉੱਤਰੀ ਪੰਜਾਬ ਦੇ ਆਲੇ-ਦੁਆਲੇ ਉੱਪਰਲੀਆਂ ਹਵਾਵਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਨਾਲ ਆਉਣ ਵਾਲੇ ਦਿਨਾਂ ਵਿੱਚ ਮੌਸਮ ਵਿੱਚ ਬਦਲਾਅ ਆ ਸਕਦਾ ਹੈ। ਅੱਜ ਜਿਨ੍ਹਾਂ ਸੱਤ ਜ਼ਿਲ੍ਹਿਆਂ ਵਿੱਚ ਸੀਤ ਲਹਿਰ ਆਉਣ ਦੀ ਸੰਭਾਵਨਾ ਹੈ, ਉਨ੍ਹਾਂ ਵਿੱਚ ਫਿਰੋਜ਼ਪੁਰ, ਫਰੀਦਕੋਟ, ਮੁਕਤਸਰ ਸਾਹਿਬ, ਫਾਜ਼ਿਲਕਾ, ਬਠਿੰਡਾ, ਮੋਗਾ ਅਤੇ ਜਲੰਧਰ ਸ਼ਾਮਲ ਹਨ। ਇਸ ਸਮੇਂ ਦੌਰਾਨ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ ਅਗਲੇ ਹਫ਼ਤੇ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਸੂਬੇ ਦੇ ਕੁਝ ਇਲਾਕਿਆਂ ਵਿੱਚ ਹਲਕੀ ਤੋਂ ਦਰਮਿਆਨੀ ਧੁੰਦ ਪੈ ਸਕਦੀ ਹੈ। ਅਗਲੇ ਤਿੰਨ ਦਿਨਾਂ ਵਿੱਚ ਰਾਤ ਦੇ ਤਾਪਮਾਨ ਵਿੱਚ 2 ਤੋਂ 4 ਡਿਗਰੀ ਤੱਕ ਦੀ ਗਿਰ-ਾਵਟ ਆਉਣ ਦੀ ਉਮੀਦ ਹੈ ਅਤੇ ਉਸ ਤੋਂ ਬਾਅਦ ਕੋਈ ਖਾਸ ਬਦਲਾਅ ਨਹੀਂ ਹੋਵੇਗਾ।




# ਮਾਲੇਰਕੋਟਲਾ ਦੇ ਸਮੁੱਚੇ ਪੱਤਰਕਾਰਾਂ ਨੇ ਸੰਗਰੂਰ ਦੇ ਪੱਤਰਕਾਰਾਂ ਨਾਲ ਡੱਟ ਕੇ ਖੜ੍ਹਨ ਦਾ ਕੀਤਾ ਐਲਾਨ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਸੰਗਰੂਰ ਸ਼ਹਿਰ 'ਚ ਧਰਨਾਂ ਪ੍ਰਦਰਸ਼ਨ ਦੀ ਕਵਰੇਜ਼ ਕਰ ਰਹੇ ਪੱਤਰਕਾਰਾਂ ਦੀ ਪੁਲਸ ਵੱਲੋਂ ਸ਼ਰੇਆਮ ਕੁੱਟਮਾਰ ਕਰਨ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰੈਸ ਕਲੱਬ ਦੇ ਜ਼ਿਲਾ ਪ੍ਰਧਾਨ ਪੱਤਰਕਾਰ ਸ਼ਹਾਬੂਦੀਨ ਨੇ ਪੁਲਿਸ ਵੱਲੋਂ ਸੰਗਰੂਰ ਦੇ ਪੱਤਰਕਾਰਾਂ ਨਾਲ ਕੀਤੀ ਗਈ ਕਥਿਤ ਗੁੰਡਾਗਰਦੀ ਨੂੰ ਲੋਕਤੰਤਰ ਦੇ ਚੌਥੇ ਥੰਮ ਪ੍ਰੈਸ ਦੀ ਅਜ਼ਾਦੀ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਭਰ ਅੰਦਰ ਪੁਲਸ ਦਾ ਪੱਤਰਕਾਰਾਂ ਪ੍ਰਤੀ ਗੁੰਡਾਤੰਤਰ ਵੱਧਦਾ ਜਾ ਰਿਹਾ ਹੈ ਆਏ ਦਿਨ ਪੁਲਸ ਪੱਤਰਕਾਰਾਂ ਨਾਲ ਬਦਸਲੂਕੀਆਂ ਕਰਦੇ ਹੋਏ ਪੱਤਰਕਾਰਾਂ 'ਤੇ ਝੂੱਠੇ ਪਰਚੇ ਦਰਜ ਕਰਕੇ ਪ੍ਰੈਸ ਦੀ ਅਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਜਿਸਨੂੰ ਪੰਜਾਬ ਦਾ ਪੱਤਰਕਾਰ ਭਾਈਚਾਰਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ। ਪ੍ਰਧਾਨ ਸ਼ਹਾਬੂਦੀਨ



ਨੇ ਦੱਸਿਆ ਕਿ ਲੰਘੀ ਕੱਲ ਸੰਗਰੂਰ ਵਿਖੇ ਪੰਜਾਬ ਰੋਡਵੇਜ਼ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਧਰਨਾਂ ਪ੍ਰਦਰਸ਼ਨ ਦੀ ਸ਼ਾਂਤਮਈ ਢੰਗ ਨਾਲ ਕਵਰੇਜ਼ ਕਰ ਰਹੇ ਪੱਤਰਕਾਰਾਂ ਨਾਲ ਪੁਲਸ ਨੇ ਬਦਸਲੂਕੀ ਕਰਦਿਆਂ ਇੱਕ ਪੱਤਰਕਾਰ ਕਿਰਤੀ ਦੀ ਕੁੱਟਮਾਰ ਕੀਤੀ ਅਤੇ ਉਸਦਾ ਮੋਬਾਇਲ ਫੋਨ ਵੀ ਪੁਲਸ ਨੇ ਤੋੜ ਦਿੱਤਾ। ਮੁੱਖ ਮੰਤਰੀ ਪੰਜਾਬ ਦੇ ਆਪਣੇ ਜ਼ਿਲੇ ਅੰਦਰ ਪੁਲਸ ਦਾ ਪੱਤਰਕਾਰਾਂ ਪ੍ਰਤੀ ਇਹ ਮਾੜਾ ਰਵੱਈਆ ਬਹੁਤ ਹੀ ਨਿੰਦਣਯੋਗ ਹੈ। ਪੱਤਰਕਾਰਾਂ ਨਾਲ ਬਦਸਲੂਕੀ ਕਰਨ ਵਾਲੇ ਪੁਲਸ ਅਫਸਰਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕਰਦੇ ਹੋਏ ਪ੍ਰਧਾਨ ਸ਼ਹਾਬੂਦੀਨ ਨੇ ਕਿਹਾ ਕਿ ਸੰਗਰੂਰ ਦੇ ਪੱਤਰਕਾਰਾਂ ਵੱਲੋਂ ਇਸ ਮਾਮਲੇ ਨੂੰ ਲੈ ਕੇ ਕੀਤੇ ਜਾਣ ਵਾਲੇ ਹਰ ਤਰ੍ਹਾਂ ਦੇ ਸੰਘਰਸ਼ 'ਚ ਮਾਲੇਰਕੋਟਲਾ ਜ਼ਿਲੇ ਦਾ ਸਮੁੱਚਾ ਪੱਤਰਕਾਰ ਭਾਈਚਾਰਾ ਡੱਟ ਕੇ ਸਾਥ ਦਿੰਦੇ ਹੋਏ ਵਧ-ਚੜ੍ਹ ਕੇ ਸ਼ਮੂਲੀਅਤ ਕਰੇਗਾ। ਉਨ੍ਹਾਂ ਕਿਹਾ ਕਿ ਜੇਕਰ ਅੱਜ ਪੁਲਸ ਦੀ ਇਸ ਗੁੰਡਾਗਰਦੀ ਦੇ ਖਿਲਾਫ ਅਵਾਜ਼ ਬੁਲੰਦ ਨਾ ਕੀਤੀ ਗਈ ਤਾਂ ਪੁਲਸ ਦਾ ਇਹ ਗੁੰਡਾਤੰਤਰ ਵੱਧਦਾ ਜਾਵੇਗਾ। ਇਸ ਮੌਕੇ ਪੱਤਰਕਾਰ ਸ਼ਾਹਿਦ ਜ਼ੁਬੇਰੀ, ਮੁਨਸ਼ੀ ਫਰੂਕ ਅਹਿਮਦ, ਮੁਹੰਮਦ ਸਲੀਮ, ਦਲਜਿੰਦਰ ਸਿੰਘ ਕਲਸੀ, ਪ੍ਰਕਾਸ਼ ਸ਼ਰਮਾ, ਮੁਹੰਮਦ ਅਸਲਮ ਨਾਜ਼ ਸੁਮੰਤ ਤਲਵਾਨੀ, ਮੈਡਮ ਤਮੰਨਾ ਵਰਮਾ ਅਤੇ ਹੋਰ ਵੀ ਪੱਤਰਕਾਰ ਭਾਈਚਾਰਾ ਹਾਜ਼ਰ ਸੀ।

# ਐਸ.ਸੀ/ਬੀ.ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ ਸਰਕਲ ਕਮੇਟੀ ਦੀ ਮਹੀਨਾਵਾਰੀ ਮੀਟਿੰਗ ਹੋਈ



**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹਰਜਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਐਸ ਸੀ/ਬੀ ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ (ਰਜਿ:) ਪੰਜਾਬ ਅਤੇ ਸਰਕਲ ਪ੍ਰਧਾਨ ਹਰਮੇਸ਼ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਅੱਜ ਸਰਕਲ ਖੰਨਾ ਕਮੇਟੀ ਦੀ ਕੀਤੀ ਗਈ ਮੀਟਿੰਗ ਵਿੱਚ ਅਹਿਮ ਵਿਚਾਰ ਚਰਚਾ ਹੋਈ। ਮੀਟਿੰਗ ਦੌਰਾਨ ਸਰਕਲ ਕਮੇਟੀ ਨੇ ਭਾਰਤ ਰਤਨ ਡਾ.ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ ਪਰੀਨਿਰਮਾਣ ਦਿਵਸ ਸਮਾਰੋਹ ਮਨਾਉਣ ਦਾ ਫੈਸਲਾ ਲਿਆ ਗਿਆ। ਜਥੇਬੰਦੀ ਵੱਲੋ ਵਧੀਕ ਮੁੱਖ ਇੰਜੀਨੀਅਰ ਸਰਕਲ ਖੰਨਾ ਨਾਲ ਮੁਲਾਕਾਤ ਕਰਨ ਲਈ ਵੀ ਵਿਚਾਰ ਕੀਤਾ ਗਿਆ। ਇਸ ਤੋ ਇਲਾਵਾ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਪਨਬਸ ਠੇਕਾ ਕਰਮਚਾਰੀਆਂ ਉਪਰ ਅੰਨੇਵਾਹ ਕੀਤੇ ਤਸ਼ੱਦਦ ਦੀ ਘੋਰ ਨਿੰਦਿਆ ਕੀਤੀ। ਪੰਜਾਬ ਅੰਦਰ ਠੇਕਾ ਕਰਮਚਾਰੀਆਂ ਦੇ ਚੱਲਦੇ ਸ਼ੰਘਰਸ਼ਾ ਦੀ ਫੈਡਰੇਸ਼ਨ ਪੂਰਨ ਰੂਪ ਵਿੱਚ ਹਮਾਇਤ ਕਰਦੀ ਹੈ। ਫੈਡਰੇਸ਼ਨ ਵੱਲੋਂ ਪੰਜਾਬ ਸਰਕਾਰ ਦੀ ਮੁਲਾਜ਼ਮ ਮਜ਼ਦੂਰ ਕਿਸਾਨ ਪੈਨਸ਼ਨਰਜ ਵਿਰੋਧੀ ਨੀਤੀ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਮੀਟਿੰਗ ਵਿੱਚ ਵਿਛੜੇ ਸਾਥੀ ਕਰਤਾਰ ਚੰਦ ਦੀ ਆਤਮਿਕ ਸਾਂਤੀ ਲਈ ਮੋਨ ਧਾਰਨ ਕੀਤਾ ਗਿਆ। ਸਰਕਲ ਪੱਧਰ ਤੇ ਮੁਲਾਜ਼ਮਾਂ ਨੂੰ ਆਉਂਦੀਆ ਦਰਪੇਸ਼ ਮੁਸ਼ਕਿਲਾਂ ਸਾਂਝੀਆ ਕੀਤੀਆ,ਉਹਨਾਂ ਦੇ ਸਮਾਧਾਨ ਦੇ ਲਈ ਡਿਵੀਜਨ ਪੱਧਰ ਤੇ ਸੰਘਰਸ਼ ਕਰਨ ਲਈ ਤਿਆਰ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਜਥੇਬੰਦੀ ਦੀ ਬਢੌਤਰੀ ਲਈ ਮੈਂਬਰਸ਼ਿਪ ਵਧਾਉਣ ਅਤੇ ਮਿਹਨਤ ਨਾਲ ਮੁਲਾਜ਼ਮਾਂ ਲਈ ਕੰਮ ਕਰਨ ਦਾ ਪ੍ਰਣ ਲਿਆ। ਮੀਟਿੰਗ ਵਿੱਚ ਹਾਜ਼ਰ ਸਾਥੀਆਂ ਦਾ ਸਰਕਲ ਪ੍ਰਧਾਨ ਵੱਲੋਂ ਧੰਨਵਾਦ ਕੀਤਾ ਗਿਆ। ਸਕੱਤਰ ਦੀ ਸੇਵਾ ਸਾਥੀ ਸੰਜੀਵ ਕੁਮਾਰ ਨੇ ਨਿਭਾਈ ਅਤੇ ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ। ਇਸ ਮੀਟਿੰਗ ਵਿੱਚ ਸਰਵ ਸ੍ਰੀ ਭਾਗ ਸਿੰਘ, ਇੰਦਰਜੀਤ ਸਿੰਘ ਖਜਾਨਚੀ ,ਸੁਲਤਾਨ ਸਿੰਘ ਬਾਬਾ, ਇੰਜ ਜਸਵੀਰ ਸਿੰਘ ਜੇ ਈ, ਅਨਿਲ ਕੁਮਾਰ ਗੋਬਿੰਦਗੜ੍ਹ, ਧਰਮਰਾਜ,ਪਦਮ ਸ਼ਾਹੀ, ਦਵਿੰਦਰ ਸਿੰਘ, ਗੁਰਮੇਲ ਸਿੰਘ, ਰਣਜੀਤ ਸਿੰਘ ਵਗੈਰਾ ਹਾਜਰ ਹੋਏ।

# ਅਮਰਗੜ੍ਹ ਹਲਕੇ ਚ ਵੋਟਰਾਂ ਦਾ ਰੁਝਾਨ ਹੁਣ ਅਕਾਲੀ ਦਲ ਵਾਰਸ ਪੰਜਾਬ ਦੇ ਵੱਲ ਨੂੰ ਹੋਇਆ: ਜਥੇਦਾਰ ਗੁਰਦੇਵ ਸਿੰਘ ਸੰਗਾਲਾ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਜਿਓਂ-ਜਿਉਂ ਵਿਧਾਨ ਸਭਾ ਚੋਣਾਂ 2027 ਦਾ ਸਮਾਂ ਨੇੜੇ ਆਉਂਦਾ ਜਾਂਦਾ ਹੈ ਪੰਜਾਬ ਦੇ ਵੋਟਰਾਂ ਅੰਦਰ ਨਵੇਂ-ਨਵੇਂ ਉਤਰਾਅ ਚੜ੍ਹਾ ਦੇਖਣ ਨੂੰ ਮਿਲ ਰਹੇ ਹਨ। ਭਾਵੇਂ ਵਿਧਾਨ ਸਭਾ ਚੋਣਾਂ 2022 ਚ ਪੰਜਾਬ ਦੇ ਵੋਟਰਾਂ ਨੇ ਇੱਕ ਹਨੇਰੀ ਦੀ ਤਰਾਂ ਅਕਾਲੀ-ਕਾਂਗਰਸ-ਭਾਜਪਾ ਆਦਿ ਪਾਰਟੀਆਂ ਜੋ ਕਿ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਆਪਸ ਵਿੱਚ ਬਦਲ-ਬਦਲ ਕੇ ਪੰਜਾਬ ਦੀ ਸੱਤਾ ਉੱਪਰ ਕਾਬਜ਼ ਹੁੰਦੀਆਂ ਆ ਰਹੀਆਂ ਹਨ ਉਨਾਂ ਵੱਲੋਂ ਮੁੱਖ ਮੋੜ ਕੇ ਵੋਟਾਂ ਦਾ ਰੁਝਾਨ ਬਦਲ ਕੇ ਆਮ ਆਦਮੀ ਪਾਰਟੀ ਨੂੰ 117 ਵਿੱਚੋ 92 ਸੀਟਾਂ ਉੱਪਰ ਜਿਤਾ ਕੇ ਨਰੋਲ ਆਪ ਦੀ ਸਰਕਾਰ ਬਣਾ ਦਿੱਤੀ ਸੀ ਕਿਉਂਕਿ ਵੋਟਾਂ ਲੈਣ ਲਈ ਇਸ ਪਾਰਟੀ ਵੱਲੋਂ ਪੰਜਾਬ ਦੇ ਵੋਟਰਾਂ ਨੂੰ ਬਹੁਤ ਸਾਰੇ ਲੁਭਾਉਣੇ ਵਾਅਦੇ ਕੀਤੇ ਜਿਨ੍ਹਾਂ ਨੂੰ ਬਾਅਦ ਚ ਪੂਰਾ ਕਰਨ ਲਈ ਲੋਕਾਂ ਦੀਆਂ ਉਮੀਦਾਂ ਉੱਪਰ ਸਰਕਾਰ ਹੁਣ ਖਰਾ ਨਹੀ ਉਤਰ ਸਕੀ। ਜਿਸ ਦੇ ਨਤੀਜੇ



ਵਜੋਂ ਪੰਜਾਬ ਦੇ ਵੋਟਰ ਖੁਦ ਨੂੰ ਠੱਗਿਆ ਮਹਿਸੂਸ ਕਰਨ ਲੱਗ ਪਏ ਹਨ ਸਾਇਦ ਇਸੇ ਕਾਰਨ ਪੰਜਾਬ ਦੇ ਵੱਡੀ ਗਿਣਤੀ ਵੋਟਰ ਫਿਰ ਤੋ ਜਾਂ ਤਾਂ ਆਪਣੀ ਪੁਰਾਣੀ ਪਾਰਟੀ ਵਿੱਚ ਜਾਂ ਪੂਰੇ ਜੋਸ਼ੋ ਖਰੋਸ਼ ਨਾਲ ਥੋੜ੍ਹੇ ਸਮੇਂ ਦੌਰਾਨ ਹੀ ਪੰਜਾਬ ਅੰਦਰ ਹੋਂਦ ਵਿੱਚ ਆਈ ਅਕਾਲੀ ਦਲ ਵਾਰਸ ਪੰਜਾਬ ਦੇ ਵੱਲ ਨੂੰ ਜਾਣ ਲੱਗ ਪਏ ਹਨ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਸ ਪੰਜਾਬ ਦੇ ਜ਼ਿਲ੍ਹਾ ਮਲੇਰਕੋਟਲਾ ਦੇ ਪੰਜ ਮੈਂਬਰੀ ਕਮੇਟੀ ਮੈਂਬਰ ਜਥੇਦਾਰ ਗੁਰ-ਦੇਵ ਸਿੰਘ ਸੰਗਾਲਾ ਆਪਣੇ ਗ੍ਰਹਿ ਵਿਖ਼ੇ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਅੰਦਾਜ਼ਾ ਵੋਟਰਾਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਲੋਕ ਸਭਾ ਹਲਕਾ ਖਡੂਰ ਸਾਹਿਬ ਤੋ ਭਾਰੀ ਵੋਟਾਂ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ ਹੈ, ਜੋ ਕਿ ਪੰਜਾਬ ਦੇ ਵੋਟਰਾਂ ਵੱਲੋਂ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਲਈ ਨਰਾਜਗੀ ਪ੍ਰਗਟ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਸਾਰੇ ਹਲਕਿਆਂ ਅੰਦਰ ਜਿਵੇਂ ਅਕਾਲੀ ਦਲ ਵਾਰਸ ਪੰਜਾਬ ਦੇ ਵੱਲ ਨੂੰ ਝੁਕਾਅ ਹੋ ਰਿਹਾ ਹੈ ਠੀਕ ਉਸੇ ਤਰਾਂ ਵਿਧਾਨ ਸਭਾ ਹਲਕਾ-106 ਅਮਰਗੜ੍ਹ ਵਿੱਚ ਵੀ ਵੱਡੀ ਗਿਣਤੀ ਵੋਟਰਾਂ ਦਾ ਹੁਣ ਅਕਾਲੀ ਦਲ ਵਾਰਸ ਪੰਜਾਬ ਦੇ ਵੱਲ ਨੂੰ ਹੋ ਰਿਹਾ ਹੈ ਜਿਸਦੇ ਨਤੀਜੇ ਵਜੋਂ ਹਲਕੇ ਦੇ ਪਿੰਡਾਂ ਵਿੱਚ ਵੋਟਰਾਂ ਵੱਲੋਂ ਸਾਨੂੰ ਖੁਦ ਸੱਦਾ ਦੇ ਬੁਲਾਇਆ ਜਾਂਦਾ ਹੈ ਅਤੇ ਫਾਰਮ ਭਰ ਕੇ ਪਾਰਟੀ ਦੀ ਮੈਂਬਰਸ਼ਿਪ ਲਈ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਇਸ ਵਾਰ ਵੱਖਰੇ ਹੋਣਗੇ ਅਤੇ ਅਸੀਂ ਪੰਜਾਬ ਦੀਆਂ ਵੱਡੀ ਗਿਣਤੀ ਸੀਟਾਂ ਉੱਪਰ ਜਿੱਤ ਪ੍ਰਾਪਤ ਕਰਾਂਗੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਤਲੁਜ ਦਰਿਆ ਵਿਚ ਗੰਦਾ ਪਾਣੀ ਪਾਉਣ ਤੇ ਰੋਕਣ ਸਬੰਧੀ ਮਾਓ ਸਹਿਬ ਵਿਖੇ ਵਿਸ਼ਾਲ ਧਰਨਾ , ਨਹੀਂ ਪੈਣ ਦਿਆਂਗੇ ਗੰਦਾ ਪਾਣੀ - ਬੀਕੇਯੂ ਦੁਆਬਾ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)–** ਸਤਲੁਜ ਦੇ ਪਾਣੀ ਵਿਚ ਜ਼ਹਿਰ ਘੋਲ ਰਹੇ ਗੰਦੇ ਪਾਣੀਆਂ ਖ਼ਿਲਾਫ਼ ਅਵਾਜ਼ ਬੁਲੰਦ ਕਰਦਿਆਂ ਮਾਓ ਸਹਿਬ ਵਿਖੇ ਵਿਸ਼ਾਲ ਧਰਨਾ ਲਗਾਇਆ ਗਿਆ। ਜਿਸ ਵਿਚ ਸ਼ਿਰਕਤ ਕਰਨ ਲਈ ਪਹੁੰਚੇ ਬੀਕੇਯੂ ਦੁਆਬਾ ਦੇ ਆਗੂਆਂ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਉਂ ਸਹਿਬ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਦੀ ਪਾਵਨ ਤੇ ਇਤਿਹਾਸਕ ਧਰਤੀ ਹੈ ਆਗੂਆਂ ਨੇ ਕਿਹਾ ਕਿ ਗੁਰਦਵਾਰਾ ਸਾਹਿਬ ਦੇ ਨਜ਼ਦੀਕ ਪਾਈਪ ਲਾਈਨ ਪਾ ਕੇ ਸਤਲੁਜ ਦਰਿਆ ਵਿਚ ਗੰਦਾ ਪਾਣੀ ਪਾਉਣ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਹੀਂ ਪੈਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਕੀਮਤ ਤੇ ਸਤਲੁਜ ਦਰਿਆ ਵਿਚ ਗੰਦਾ ਪਾਣੀ ਨਹੀਂ ਪੈਣ ਦਿਆਂਗੇ ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਬਲਾਕ ਮਹਿਤਪੁਰ ਦੇ



ਕਿਸਾਨ ਆਗੂ ਨਰਿੰਦਰ ਸਿੰਘ ਉਧੋਵਾਲ, ਸੁਖਵਿੰਦਰ ਸਿੰਘ ਜੱਜ ਸੰਗਲਤੋੜ ਤੰਦਾਉਰਾ , ਕੁਲਵੀਰ ਸਿੰਘ ਕਾਇਮਵਾਲਾ , ਬਲਬੀਰ ਸਿੰਘ, ਗਰਨਾਮ ਸਿੰਘ, ਭਜਨ ਸਿੰਘ ਉਧੋਵਾਲ, ਹਰਦਿਆਲ ਸਿੰਘ, ਮਹਿੰਦਰ ਸਿੰਘ ਮਹਿਤਪੁਰ , ਗੁਰਮੇਲ ਸਿੰਘ, ਹੀਰਾ ਸਿੰਘ ਪਸਾੜੀਆ, ਹਰਭਜਨ ਸਿੰਘ ਕੈਮਵਾਲਾ, ਦੱਯਾ ਸਿੰਘ, ਹਰੀ ਸਿੰਘ, ਸਰਨਜੀਤ ਸਿੰਘ ਹਰਦੋਸੰਘਾ ਅਤੇ ਗੁਰਮੇਜ ਸਿੰਘ ਆਦਿ ਹਾਜ਼ਰ ਸਨ।

# ਰੋਟਰੀ ਕਲੱਬ ਕਪੂਰਥਲਾ ਇਲੀਟ ਵਲੋਂ ਮੁਫ਼ਤ ਮੈਡੀਕਲ ਜਾਂਚ ਕੈਂਪ ਅੱਜ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)** -ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਰੋਟਰੀ ਕਲੱਬ ਕਪੂਰਥਲਾ ਇਲੀਟ ਵਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸਟੇਟ ਗੁਰਦੁਆਰਾ ਸਾਹਿਬ ਵਿਖੇ 30 ਨਵੰਬਰ ਦਿਨ ਐਤਵਾਰ ਨੂੰ ਸਵੇਰੇ 10 ਤੋਂ 2 ਵਜੇ ਤੱਕ ਮੁਫ਼ਤ ਮੈਡੀਕਲ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ ਙ ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀ ਡੀ ਜੀ ਡਾਕਟਰ ਸਰਬਜੀਤ ਸਿੰਘ, ਕਲੱਬ ਦੇ ਪ੍ਰਧਾਨ ਅੰਕੁਰ ਵਾਲੀਆ, ਸਕੱਤਰ ਸਿਮਰਨਪ੍ਰੀਤ ਸਿੰਘ, ਪ੍ਰੋਜੈਕਟ ਚੇਅਰਮੈਨ ਅਮਰਜੀਤ ਸਿੰਘ ਸਡਾਨਾ



ਤੇ ਸਹਾਇਕ ਚੇਅਰਮੈਨ ਰਾਹੁਲ ਆਨੰਦ ਨੇ ਦੱਸਿਆ ਕਿ ਕੈਂਪ ਦੌਰਾਨ ਫੋਰਟਿਸ ਹਸਪਤਾਲ ਜਲੰਧਰ ਦੇ ਦੱਸ ਮਾਹਿਰ ਡਾਕਟਰਾਂ ਦੀ ਟੀਮ ਮਰੀਜ਼ਾਂ ਦਾ ਮੁਫ਼ਤ ਨਿਰੀਖਣ ਕਰਨ ਲਈ ਪਹੁੰਚ ਰਹੀ ਹੈ ਙ ਜਿਸ ਵਿਚ ਦਿਲ, ਦਿਮਾਗ, ਗੁਰਦੇ, ਹੱਡੀਆਂ ਦੇ ਮਾਹਿਰ ਡਾਕਟਰ, ਔਰਤਾਂ ਦੇ ਰੋਗਾਂ ਦੇ ਮਾਹਿਰ ਡਾਕਟਰ, ਪੇਟ ਅਤੇ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਮਰੀਜ਼ਾਂ ਦੀ ਜਾਂਚ ਕਰਨਗੇ ਙ ਕੈਂਪ ਦੌਰਾਨ ਜਿੱਥੇ ਬੀ.ਪੀ., ਸ਼ੂਗਰ ਦੇ ਟੈੱਸਟ ਮੁਫ਼ਤ ਕੀਤੇ ਜਾਣਗੇ ਉੱਥੇ ਨਾਲ ਹੀ ਲੋੜਵੰਦ ਮਰੀਜ਼ਾਂ ਦੀ ਮੁਫ਼ਤ ਈ.ਸੀ.ਜੀ. ਵੀ ਹੋਵੇਗੀ ਤੇ ਦਵਾਈਆਂ ਵੀ ਲੋੜ ਅਨੁਸਾਰ ਮੁਫ਼ਤ ਦਿੱਤੀਆਂ ਜਾਣਗੀਆਂ।

# AAP ਮਹਿਲਾ ਵਿੰਗ ਜ਼ਿਲਾ ਪ੍ਰਧਾਨ ਪੁਸ਼ਪਾ ਦੇਵੀ ਪਾਰਟੀ ਵਲੋਂ ਮੁਅਤਲ – ਹਰਚੰਦ ਸਿੰਘ ਬਰਸਟ

**ਨਵਾਂ ਸ਼ਹਿਰ/ਚੰਡੀਗੜ੍ਹ/ਪਟਿਆਲਾ–ਨਵੰਬਰ (ਚਰਨਜੀਤ ਸੱਲ੍ਹਾਂ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਸ੍ਰੀਮਤੀ ਪੁਸ਼ਪਾ ਦੇਵੀ ਨੂੰ ਪਾਰਟੀ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਦੇ ਮੱਦੇਨਜ਼ਰ ਪਾਰਟੀ ਵੱਲੋਂ ਮੁਅਤਲ ਕਰ ਦਿੱਤਾ ਗਿਆ ਹੈ। ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਪੰਜਾਬ ਆਮ ਆਦਮੀ ਪਾਰਟੀ ਦੇ ਜਰਨਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਸ੍ਰੀਮਤੀ ਪੁਸ਼ਪਾ ਦੇਵੀ ਦੀ ਪਿਛਲੇ ਕੁਝ ਸਮੇਂ ਤੋਂ ਪਾਰਟੀ ਵਿਰੋਧੀ ਗਤਿਵਿਧੀਆਂ ਬਾਰੇ ਬਾਰੰਬਾਰ ਸ਼ਿਕਾਇਤਾਂ ਮਿਲ ਰਹੀਆਂ ਸਨ। ਪਾਰਟੀ ਵੱਲੋਂ ਕੀਤੀ ਜਾਂਚ ਅਤੇ ਰਿਪੋਰਟਾਂ ਦੀ ਸਮੀਖਿਆ ਤੋਂ ਬਾਅਦ ਅੱਜ ਉਨ੍ਹਾਂ ਨੂੰ ਅਹੁਦੇ ਅਤੇ ਪ੍ਰਾਇਮਰੀ ਮੈਂਬਰਸ਼ਿਪ ਤੋਂ ਮੁਅਤਲ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਬਰਸਟ ਨੇ ਕਿਹਾ ਕਿ ਪਾਰਟੀ ਵਿੱਚ ਅਨੁਸ਼ਾਸਨ ਸਭ ਤੋਂ ਵੱਡੀ ਤਰਜੀਹ ਹੈ ਅਤੇ ਕਿਸੇ ਵੀ ਪੱਧਰ 'ਤੇ ਪਾਰਟੀ ਵਿਰੁੱਧ ਗਤਿਵਿਧੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੀ ਕਾਰਵਾਈ ਬਾਰੇ ਜਲਦੀ ਹੀ ਸੁਚਿਤ ਕੀਤਾ ਜਾਵੇਂਗਾ



# ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ ਵਿਖੇ ਮਦਰ ਵਰਕਸ਼ਾਪ ਕਰਵਾਈ ਗਈ

**ਸ੍ਰੀ ਮੁਕਤਸਰ ਸਾਹਿਬ (ਰਮੇਸ਼ਵਰ ਸਿੰਘ)** ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ ਵਿੱਚ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਦੇ ਤਹਿਤ ਬੀਤੇ ਦਿਨੀਂ ਮਦਰ ਵਰਕਸ਼ਾਪ ਕਰਵਾਈ ਗਈ । ਇਸ ਮੌਕੇ ਤੇ ਪ੍ਰੀ ਪ੍ਰਾਇਮਰੀ ਜਮਾਤ ਦੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੇ ਵੱਖ ਵੱਖ ਗਤੀਵਿਧੀਆਂ ਵਿਚ ਬੜੇ ਉਤਸ਼ਾਹ ਨਾਲ ਭਾਗ ਲਿਆ। ਸਕੂਲ ਮੁੱਖੀ ਚਰਨਜੀਤ ਸਿੰਘ ਨੇ ਵਰਕਸ਼ਾਪ ਦੀ ਸੁਰੂਆਤ ਸਮੇਂ ਬੱਚਿਆਂ ਦੇ ਮਾਪਿਆਂ ਦਾ ਸਵਾਗਤ ਕਰਦਿਆਂ ਹੋਇਆਂ ਉਹਨਾਂ ਨੂੰ ਮੋਬ-ਾਇਲ ਫ਼ੋਨ ਤੋਂ ਦੂਰੀ ਬਣਾ ਕੇ ਪੁਰਾਣੇ ਸਮਿਆਂ ਵਾਂਗ ਜੁਬਾਨੀ ਕਹਾਣੀਆਂ ਸੁਣਾਉਣ ਲਈ ਪ੍ਰੇਰਿਤ ਕੀਤਾ। ਪ੍ਰੀ ਪ੍ਰਾਇਮਰੀ ਅਧਿਆਪਿਕਾ ਸ੍ਰੀਮਤੀ ਅਮਨਦੀਪ ਕੌਰ ਨੇ ਸਿੱਖਿਆ ਵਿਭਾਗ ਦੀਆਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਪ੍ਰੀ ਪ੍ਰਾਇਮਰੀ ਪੱਧਰ ਦੇ ਵਿਦਿਆਰਥੀਆਂ ਨੂੰ ਖੇਡ ਖੇਡ ਵਿੱਚ ਕਰਵਾਈ ਜਾਂਦੀ ਪੜ੍ਹਾਈ ਬਾਰੇ ਅਨੁਸਾਰ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਤੇ ਬੱਚਿਆਂ ਦੇ ਮਾਪਿਆਂ ਦੀਆਂ ਖੇਡਾਂ ਅਤੇ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਕੀਤੀਆਂ ਗਤੀਵਿਧੀਆਂ ਦਾ ਬੱਚਿਆ ਨੇ ਪੂਰਾ ਅਨੰਦ ਲਿਆ। ਇਹਨਾਂ ਗਤੀਵਿਧੀਆਂ ਵਿਚ ਮੋਹਰੀ













ਰਹੇ ਬੱਚਿਆਂ ਨੂੰ ਮੈਡਲ, ਨੋਟਬੁੱਕ, ਕਲਰ ਬਾਕਸ, ਪੈਨਸਿਲ ਆਦਿ ਦੇ ਕੇ ਸਨਮਾਨਿਤ ਵੀ ਕੀਤਾ ਗਿਆ । ਇਸ ਮੌਕੇ ਤੇ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੁਆਰਾ ਮਨਮੋਹਕ ਡਾਂਸ ਵੀ ਪੇਸ਼ ਕੀਤਾ ਗਿਆ। ਵਿਭਾਗ ਵੱਲੋਂ ਭੇਜਿਆ ਗਿਆ ਵਿੱਦਿਅਕ ਕਿਤਾਬਾਂ ਬੱਚਿਆਂ ਦੇ ਮਾਪਿਆਂ ਨੂੰ ਸੌਂਪੀਆਂ ਗਈਆਂ। ਇਸ ਮਦਰ ਵਰਕਸ਼ਾਪ ਨੂੰ ਸਫਲ ਬਨਾਉਣ ਲਈ ਪ੍ਰਥਮ ਦੇ ਜਿਲ੍ਹਾ ਕੋਆਰਡਨੇਟਰ ਸੰਦੀਪ ਕੁਮਾਰ ਦੁਆਰਾ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸਕੂਲ ਸਟਾਫ਼ ਬੇਅੰਤ ਕੌਰ,ਨੀਰਜ ਕੁਮਾਰ, ਸੁਖਵਿੰਦਰ ਸਿੰਘ, ਗੁਰਜੀਤ ਕੌਰ, ਅਮਨਦੀਪ ਕੌਰ ਬਰਾੜ ਅਤੇ ਅਮਨਦੀਪ ਕੌਰ ਭੁੱਲਰ ਹਾਜ਼ਰ ਸਨ।

# ਪੈਨਸ਼ਨਰ ਐਸੋਸ਼ੀਏਸ਼ਨ ਵੱਲੋਂ ਮੂਣਕ (ਸੰਗਰੂਰ) ਦੇ ਹੜ੍ਹ ਪੀੜਤਾਂ ਲਈ ਨਕਦ ਸਹਾਇਤਾ ਰਾਸ਼ੀ ਵੰਡੀ ਗਈ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸ਼ੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ ਜਿੱਥੇ ਪਹਿਲਾਂ ਫਿਰੋਜ਼ਪੁਰ, ਸੁਲਤਾਨਪੁਰ ਲੋਧੀ, ਫਾਜ਼ਿਲਕਾ ਅਤੇ ਜਲਾਲਾਬਾਦ ਦੇ ਇਲਾਕਿਆਂ ਵਿੱਚ ਹੜ੍ਹ ਪੀੜਤਾਂ ਲਈ ਨਕਦ ਸਹਾਇਤਾ ਰਾਸ਼ੀ ਵੰਡੀ ਗਈ ਉੱਥੇ ਮੂਣਕ ਇਲਾਕੇ ਵਿੱਚ ਜਿਨ੍ਹਾਂ ਗਰੀਬ ਲੋਕਾਂ ਦੇ ਘਰ ਢਹਿ ਗਏ ਸਨ ਉਨ੍ਹਾਂ ਦਾ ਸਰਵੇਖਣ ਕਰਕੇ ਪਹਿਲਾਂ ਸੂਚੀ ਤਿਆਰ ਕੀਤੀ ਗਈ। ਇਹਨਾਂ ਚੋਣ ਕੀਤੇ ਗਿਆਰਾਂ ਲਾਭਪਾਤਰੀਆਂ ਨੂੰ ਸਹਾਇਤਾ ਰਾਸ਼ੀ ਪ੍ਰਦਾਨ ਕਰਨ ਲਈ ਪੈਨਸ਼ਨਰ ਐਸੋਸ਼ੀਏਸ਼ਨ ਦੇ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੀ ਹਦਾਇਤ ਅਨੁਸਾਰ ਸੂਬਾ ਜਨਰਲ ਸਕੱਤਰ ਜਨਰਲ ਬਾਡੀ ਪੰਜਾਬ ਸੁਰਿੰਦਰ ਰਾਮ ਕੁੱਸਾ ਦੀ ਅਗਵਾਈ ਵਿੱਚ ਇੱਕ ਵਫ਼ਦ ਤਿਆਰ ਕੀਤਾ ਗਿਆ ਜਿਸ ਵਿੱਚ ਸਬ-ਡਵੀਜ਼ਨ ਧੂਰੀ, ਬਲਾਕ ਭਗਤਾ ਭਾਈ ਕਾ, ਬਲਾਕ ਨਿਹਾਲ ਸਿੰਘ ਵਾਲਾ ਅਤੇ ਬਲਾਕ ਬਾਘਾ ਪੁਰਾਣਾ ਦੇ ਪੈਨਸ਼ਨਰ ਐਸੋਸ਼ੀਏਸ਼ਨ ਅਹੁਦੇਦਾਰ ਤੇ ਮੈਂਬਰ ਸ਼ਾਮਿਲ ਸਨ। ਇਸ ਵਫ਼ਦ ਵੱਲੋਂ ਮਿਤੀ 27 ਨਵੰਬਰ.ਨੂੰ ਮੂਣਕ (ਸੰਗਰੂਰ) ਇਲਾਕੇ ਦੇ ਚੋਣ ਕੀਤੇ ਗਿਆਰਾਂ ਲਾਭਪਾਤਰੀਆਂ ਨੂੰ ਕਾਲ ਕਰਕੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਮੂਣਕ ਵਿਖੇ ਬੁਲਾਇਆ ਗਿਆ ਅਤੇ ਸਮੇਂ ਸਿਰ ਪਹੁੰਚ ਕੇ ਉਪਰੋਕਤ ਹੜ੍ਹ ਪੀੜਤਾਂ ਨੂੰ ਨਕਦ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਗਈ। ਇਹਨਾਂ ਲਾਭਪਾਤਰੀਆਂ ਵਿੱਚ - ਸੁਨੀਤਾ ਰਾਣੀ ਵਿਧਵਾ ਰਾਜ ਕੁਮਾਰ, ਤਰਸੇਮ ਸਿੰਘ, ਵਿਨੋਦ ਕੁਮਾਰ, ਧਰਮਪਾਲ, ਗੋਬਿੰਦਰ ਸਿੰਘ, ਸੰਦੀਪ ਕੌਰ, ਜੁਗਿੰਦਰ ਰਾਮ, ਰਣਜੀਤ ਸਿੰਘ, ਕੁਲਵਿੰਦਰ ਕੌਰ, ਹੰਸਾ ਸਿੰਘ ਤੋਂ ਇਲਾਵਾ ਪਿੰਡ ਪੇਧਨੀ ਦੇ ਇੱਕ ਗ਼ਰੀਬ ਪਰਿਵਾਰ ਨੂੰ ਨਕਦ ਰਾਸ਼ੀ ਭੇਟ ਕੀਤੀ ਗਈ। ਇਸ





ਸਮੇਂ ਪੈਨਸ਼ਨਰ ਸਾਥੀ ਹਰਦੇਵ ਸਿੰਘ ਜਵੰਧਾ (ਧੂਰੀ), ਸੁਰਿੰਦਰ ਰਾਮ ਕੁੱਸਾ ਬਾਘਾ ਪੁਰਾਣਾ ਅਤੇ ਮਾਸਟਰ ਆਤਮ ਤੇਜ ਜੀ ਸ਼ਰਮਾ ਬਲਾਕ ਭਗਤਾ ਭਾਈ ਕਾ ਵੱਲੋਂ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਮਾਸਟਰ ਆਤਮ ਤੇਜ ਜੀ ਸ਼ਰਮਾ ਕੋਠਾ ਗੁਰੂ ਨੇ ਆਪਣੇ ਸੰਬੋਧਨ ਵਿੱਚ ਲਾਭਪਾਤਰੀਆਂ ਨੂੰ ਬੇਨਤੀ ਕਰਦੇ ਹੋਏ ਇਹ ਵੀ ਕਿਹਾ ਕਿ ਜਿਸ ਮੰਤਵ ਲਈ ਸਹਾਇਤਾ ਰਾਸ਼ੀ ਦਿੱਤੀ ਗਈ ਹੈ, ਉਸੇ ਮੰਤਵ ਵਾਸਤੇ ਵਰਤਣ ਲਈ ਕ੍ਰਿਪਾਲਤਾ ਕੀਤੀ ਜਾਵੇ ਜਿਸ ਨਾਲ ਤੁਹਾਡਾ ਮਨੋਰਥ ਵੀ ਪੂਰਾ ਹੋ ਜਾਵੇ, ਤੁਹਾਨੂੰ ਖ਼ੁਸ਼ੀ ਵੀ ਹੋਵੇ ਅਤੇ ਸਹਾਇਤਾ ਰਾਸ਼ੀ ਭੇਟ ਕਰਨ ਵਾਲਿਆਂ ਨੂੰ ਵੀ ਪ੍ਰਸੰਨਤਾ ਦਾ ਅਨੁਭਵ ਹੋਵੇ, ਨਹੀਂ ਤਾਂ ਜੇ ਕਰ ਰਾਸ਼ੀ ਹੋਰ ਅਯੋਗ ਮੰਤਵ ਵਾਸਤੇ ਵਰਤ ਲਈ ਜਾਵੇ ਤਾਂ ਪਿੱਛੋਂ ਕੇਵਲ ਪਛਤਾਵਾ ਹੁੰਦਾ ਹੈ।' ਸਾਰੇ ਬੁਲਾਰਿਆਂ ਨੇ ਸਮੁੱਚੇ ਲਾਭਪਾਤਰੀਆਂ ਲਈ ਸ਼ੁੱਭ ਇਛਾਵਾਂ ਭੇਟ ਕਰਦੇ ਹੋਏ ਇਹ ਕਾਮਣਾ ਜ਼ਾਹਿਰ ਕੀਤੀ ਕਿ," ਤੁਸੀਂ ਸਾਰੇ ਇਸ ਕੁਦਰਤੀ ਆਫ਼ਤ ਵਿੱਚੋਂ ਉਭਰ ਕੇ ਜਲਦੀ ਲੀਹ 'ਤੇ ਆ ਜਾਵੋ ਅਤੇ ਖ਼ੁਸ਼ੀਆਂ ਮਾਣੋਂ।" ਸਮੁੱਚੀ ਪੈਨਸ਼ਨਰ ਐਸੋਸ਼ੀਏਸ਼ਨ ਲਈ ਵੀ ਕਾਮਨਾ ਕੀਤੀ ਗਈ ਕਿ ਸਤਿਗੁਰੂ ਐਸੋਸ਼ੀਏਸ਼ਨ ਨੂੰ ਵੀ ਕੁਦਰਤੀ ਆਫ਼ਤਾਂ ਸਮੇਂ ਗ਼ਰੀਬਾਂ, ਅਨਾਥਾਂ, ਗਰੀਬ ਸਕੂਲੀ ਬੱਚਿਆਂ ਦੀ ਸਹਾਇਤਾ ਕਰਨ ਲਈ, ਦਸਵਾਂ (ਦਸਵੰਧ) ਕੱਢਦੇ ਰਹਿਣ ਲਈ ਬਲ, ਬੁੱਧੀ, ਸ਼ਕਤੀ ਅਤੇ ਆਤਮ ਵਿਸ਼ਵਾਸ ਪ੍ਰਦਾਨ ਕਰਦੇ ਰਹਿਣ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਬ ਡਵੀਜ਼ਨ ਧੂਰੀ ਦੇ ਪ੍ਰਧਾਨ ਜੈ ਦੇਵ ਜੀ ਸ਼ਰਮਾ, ਨਿਹਾਲ ਸਿੰਘ ਵਾਲਾ ਤੋਂ ਪ੍ਰਧਾਨ ਬਿੱਕਰ ਸਿੰਘ ਮਾਛੀ ਕੇ, ਬਲਾਕ ਭਗਤਾ ਭਾਈ ਕਾ ਤੋਂ ਮਾਸਟਰ ਅਮਰਜੀਤ ਸਿੰਘ ਜੀ ਵਿੱਤ ਸਕੱਤਰ, ਭਾਈ ਕੰਵਰ ਕੌਰ ਸਿੰਘ ਕੋਠਾ ਗੁਰੂ ਪ੍ਰੈਸ ਸਕੱਤਰ, ਬਲਾਕ ਬਾਘਾ ਪੁਰਾਣਾ ਤੋਂ ਗੁਰਦਿਆਲ ਸਿੰਘ, ਸੁਰਿੰਦਰ ਰਾਮ ਕੁੱਸਾ ਤੋਂ ਇਲਾਵਾ ਜਗਤਾਰ ਸਿੰਘ ਹਸਨਪੁਰ ਆਦਿਕ ਪੈਨਸ਼ਨਰ ਅਹੁਦੇਦਾਰ ਹਾਜ਼ਿਰ ਸਨ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਅਤੇ ਅਨਜ ਪ੍ਰਬੰਧਕਾਂ ਵੱਲੋਂ ਵਧੀਆ ਸਹਿਯੋਗ ਦਿੱਤਾ ਗਿਆ। ਸਮਾਗਮ ਦੀ ਸਮਾਪਤੀ 'ਤੇ ਸਭ ਨੂੰ ਚਾਹ-ਪਾਣੀ ਛਕਾ ਕੇ ਵਿਦਾਇਗੀ ਦਿੱਤੀ ਗਈ।

# ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਜਰਖੜ ਖੇਡ ਸਟੇਡੀਅਮ ਵਿਖੇ ਸ਼ਾਨੋ ਸ਼ੌਕਤ ਨਾਲ ਸਮਾਪਤ

**●ਹਾਕੀ ਵਿੱਚ ਜਗਰਾਓਂ ਅਤੇ ਮੁੰਡੀਆਂ ਕਲਾਂ, ਹੈਂਡਬਾਲ ਸੈਕਰਟ ਹਾਰਟ ਸਕੂਲ ਲੁਧਿਆਣਾ ਬਣੇ ਚੈਂਪੀਅਨ ●ਵਿਧਾਇਕ ਸੰਗੋਵਾਲ ਨੇ ਕੀਤੀ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ**





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਮਿੰਨੀ ਹੈਂਡਬਾਲ ਅਤੇ 6-ਏ ਸਾਈਡ ਹਾਕੀ (ਅੰਡਰ 11 ) ਜਰਖੜ ਦੇ ਖੇਡ ਸਟੇਡੀਅਮ ਵਿਖੇ ਸਾਨੋ ਸ਼ੌਕਤ ਨਾਲ ਸਮਾਪਤ ਹੋ ਗਈਆਂ। ਲੁਧਿਆਣਾ ਦੇ 19 ਬਲਾਕਾਂ ਦੇ ਵੱਖ-ਵੱਖ ਸਕੂਲਾਂ ਦੇ ਸੈਂਕੜੇ ਖਿਡਾਰੀਆਂ ਨੇ ਭਾਗ ਲਿਆ। ਅੱਜ ਖੇਡਾਂ ਦੇ ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਹਲਕਾ ਗਿੱਲ ਦੇ ਵਿਧਾਇਕ ਸ੍ਰ: ਜੀਵਨ ਸਿੰਘ ਸੰਗੋਵਾਲ ਨੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਉਨ੍ਹਾਂ ਨੇ ਖਿਡਾਰੀਆਂ ਦੇ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਪੰਜਾਬ ਸਰਕਾਰ ਵੱਲੋਂ ਸਿੱਖਿਆ ਤੇ ਖੇਡਾਂ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਡਿਪਟੀ ਡੀਈਓ ਸ਼੍ਰੀ ਮਨੋਜ ਕੁਮਾਰ ਜੀ ਨੇ ਹਲਕਾ ਗਿੱਲ ਦੇ ਵਿਧਾਇਕ ਸ੍ਰ: ਜੀਵਨ ਸਿੰਘ ਜੀ ਸੰਗੋਵਾਲ ਨੂੰ ਜੀ ਆਇਆਂ ਆਖਿਆ ਤੇ ਪੰਜਾਬ ਸਰਕਾਰ ਦਾ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣ ਲਈ ਧੰਨਵਾਦ ਕੀਤਾ । ਉੱਘੇ ਸਮਾਜ ਸੇਵੀ ਅਤੇ ਖੇਡ ਪ੍ਰਮੋਟਰ ਸ੍ਰ: ਜਗਰੂਪ ਸਿੰਘ ਜੀ ਜਰਖੜ ਨੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਦਾ ਸੱਦਾ ਦਿੱਤਾ, ਉਹਨਾਂ ਸਿੱਖਿਆ ਵਿਭਾਗ ਦਾ ਜਰਖੜ ਖੇਡ ਸਟੇਡੀਅਮ ਵਿਖੇ ਖੇਡਾਂ ਕਰਵਾਉਣ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਬੋਲਦਿਆਂ ਬੀ ਪੀ ਈ ਓ ਸ੍ਰ: ਮਨਜੀਤ ਸਿੰਘ ਜੀ ਗਰੇਵਾਲ ਬਲਾਕ ਡੇਹਲੋਂ-1 ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ, ਉੱਥੇ ਨਾਲ ਹੀ ਦੂਸਰੇ ਤੇ ਤੀਸਰੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਉਹਨਾਂ ਬਲਾਕ ਡੇਹਲੋਂ -1 ਦੇ ਸਮੂਹ ਅਧਿਆਪਕਾਂ ਦਾ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਧੰਨਵਾਦ ਕੀਤਾ। ਖੇਡ ਨਤੀਜਿਆਂ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਬਲਾਕ ਖੇਡ ਕਮੇਟੀ ਮੈਂਬਰ ਸ੍ਰ: ਜਸਵਿੰਦਰ ਸਿੰਘ ਬੁਟਾਹਰੀ ਨੇ ਦੱਸਿਆ ਕਿ ਮਿੰਨੀ ਹੈਂਡਬਾਲ ਲੜਕਿਆਂ ਦੇ



ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੁੰਡੀਆਂ ਕਲਾਂ ਫਸਟ, ਬੀ.ਵੀ.ਐਮ ਕਿਚਲੂ ਨਗਰ ਸੈਕਿੰਡ, ਅਤੇ ਦਿੱਲੀ ਪਬਲਿਕ ਸਕੂਲ ਲੁਧਿਆਣਾ ਤੀਜੇ ਸਥਾਨ ਤੇ ਰਿਹਾ । ਜਦ ਕਿ ਮਿੰਨੀ ਹੈਂਡਬਾਲ ਲੜਕੀਆਂ ਦੇ ਮੁਕਾਬਲਿਆਂ ਵਿੱਚ ਜੀ.ਐਸ.ਐਸ. ਸੈਕਰਟ ਹਾਰਟ ਲੁਧਿਆਣਾ ਫਸਟ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੁੰਡੀਆਂ ਕਲਾਂ ਸੈਕਿੰਡ ਅਤੇ ਦ੍ਰਿਸ਼ਟੀ ਪਬਲਿਕ ਸਕੂਲ ਨਾਰੰਗਵਾਲ ਤੀਜੇ ਸਥਾਨ ਤੇ ਰਿਹਾ। ਇਸੇ ਤਰ੍ਹਾਂ ਹਾਕੀ 6-ਏ ਸਾਈਡ ਹਾਕੀ ਲੜਕਿਆਂ ਦੇ ਮੁਕਾਬਲਿਆਂ ਵਿੱਚ ਸਨਮਤੀ ਬਿਮਲ ਜੈਨ ਸਕੂਲ ਜਗਰਾਉਂ ਫਸਟ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਕਿਲਾ ਰਾਏਪੁਰ ਸੈਕਿੰਡ ਅਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸੁਧਾਰ ਤੀਜੇ ਸਥਾਨ ਤੇ ਰਿਹਾ । ਮਿੰਨੀ ਹੈਂਡਬਾਲ ਲੜਕੀਆਂ ਦੇ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਮੁੰਡੀਆਂ ਕਲਾਂ ਫਸਟ, ਡੀ.ਏ.ਵੀ. ਪਬਲਿਕ ਸਕੂਲ ਪੱਖੋਵਾਲ ਸੈਕਿੰਡ ਅਤੇ ਗੁਰੂ ਨਾਨਕ ਮਾਡਲ ਸਕੂਲ ਦੋਰਾਹਾ ਤੀਸਰੇ ਸਥਾਨ ਤੇ ਰਿਹਾ।

ਇਸ ਮੌਕੇ ਸਰਪੰਚ ਸੰਦੀਪ ਸਿੰਘ ਜਰਖੜ, ਤਜਿੰਦਰ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਹਰਮੀਤ ਸਿੰਘ ਜਰਖੜ, ਮਨਿੰਦਰਪਾਲ ਸਿੰਘ, ਮਨਿੰਦਰਪਾਲ ਕੌਰ, ਕੰਵਲਜੀਤ ਕੌਰ, ਇੰਦਰਜੀਤ ਕੌਰ, ਮਨਜੀਤ ਕੌਰ (ਸਾਰੇ ਸੀਐਚਟੀ), ਕਮਲੇਸ਼ ਕੌਰ ਬਲਾਕ ਖੇਡ ਅਫਸਰ, ਪਰਗਟ ਸਿੰਘ ਪੱਦੀ, ਸਤਵੀਰ ਕੌਰ ਪੋਹੀੜ, ਕੁਲਵੰਤ ਸਿੰਘ ਖਟੜਾ ਚੂਹ-ਾਰਮ, ਗੁਰਜੰਟ ਸਿੰਘ ਬੁਟਾਹਰੀ, ਜਸਵਿੰਦਰ ਸਿੰਘ ਮੁਕੰਦਪੁਰ, ਜਸਵਿੰਦਰ ਸਿੰਘ ਜੱਸੋਵਾਲ, ਹਰੂਨ ਰਫੀ ਨੰਗਲ, ਸੁਖਦੀਪ ਕੌਰ ਜਰਖੜ, ਕਮਲਜੀਤ ਕੌਰ ਘਣਗਸ, ਬੇਅੰਤ ਕੌਰ ਲਾਪਰਾਂ, ਡਿੰਪਲ ਰਾਣੀ ਡੇਹਲੋਂ, ਬਲਜੀਤ ਕੌਰ ਸਰੀਂਹ, ਗੁਰਦੀਪ ਕੌਰ ਕੈਂਡ, ਸੁਰਿੰਦਰ ਕੌਰ ਜਗੇੜਾ, ਅਕਾਸ਼ ਜਰਖੜ ਅਜੈ ਬਾਂਸਲ ਜਰਖੜ ਆਦਿ ਅਧਿਆਪਕ ਹਾਜ਼ਰ ਸਨ।

# 69ਵੀਂ ਅੰਤਰ ਜਿਲ੍ਹਾ ਰੱਸਾ ਕੱਸੀ ਅੰਡਰ 14 ਸਾਲ ਲੜਕਿਆਂ ਦੀ ਸਟੇਟ ਚੈਂਪੀਅਨਸ਼ਿਪ ਹੋਈ ਸੰਪਨ

## ਜਿਲ੍ਹਾ ਲੁਧਿਆਣਾ ਨੂੰ ਹਰਾ ਕੇ ਸਟੇਟ ਚੈਂਪੀਅਨ ਬਣਿਆ ਜਿਲ੍ਹਾ ਫਤਿਹਗੜ੍ਹ ਸਾਹਿਬ

**ਕਪੂਰਥਲਾ ( ਕੌੜਾ )**- ਡੀ ਐਮ (ਸਪੋਰਟਸ) ਕਪੂਰਥਲਾ ਸੁਖਵਿੰਦਰ ਸਿੰਘ ਖੱਸਣ ਨੇ ਦੱਸਿਆ ਕਿ ਜ਼ਿਲਾ ਸਿੱਖਿਆ ਅਫਸਰ ( ਸੈਕੰਡਰੀ) ਕਪੂਰਥਲਾ ਹਰਜਿੰਦਰ ਸਿੰਘ ਅਤੇ ਉੱਪ ਜਿਲ੍ਹਾ ਸਿੱਖਿਆ ਅਫ਼ਸਰ ( ਸੈਕੰਡਰੀ ਸਿੱਖਿਆ) ਕਪੂਰਥਲਾ ਸਟੇਟ ਐਵਾਰਡੀ ਰਜੇਸ਼ ਕੁਮਾਰ ਭੱਲਾ ਦੀ ਅਗਵਾਈ ਹੇਠ 69ਵੀ ਪੰਜਾਬ ਅੰਤਰ ਜਿਲ੍ਹਾ ਸਕੂਲਜ਼ ਖੇਡਾਂ ( ਰੱਸਾ ਕੱਸੀ ਅੰਡਰ - 14 ਸਾਲ ਲੜਕਿਆਂ ) ਦੀ ਸਟੇਟ ਚੈਂਪੀਅਨ 2025- 26 ਅੱਜ ਸਥਾਨਿਕ ਗੁਰੂ ਨਾਨਕ ਸਟੇਡੀਅਮ ਵਿਖੇ ਸੰਪਨ ਹੋ ਗਈ। ਓਹਨਾਂ ਦੱਸਿਆ ਕਿ ਉਕਤ ਰੱਸਾ ਕੱਸੀ ਸਟੇਟ ਚੈਂਪੀਅਨਸ਼ਿਪ ਦੇ ਫਾਈਨਲ ਮੈਚ ਵਿੱਚ ਜਿਲ੍ਹਾ ਲੁਧਿਆਣਾ ਨੂੰ ਹਰਾ ਕੇ ਜਿਲ੍ਹਾ ਫਤਿਹਗੜ੍ਹ ਸਾਹਿਬ ਸਟੇਟ ਚੈਂਪੀਅਨ ਬਣਿਆ ਜਦਕਿ ਜਿਲ੍ਹਾ ਫਿਰੋਜ਼ਪੁਰ ਤੀਸਰੇ ਸਥਾਨ ਉੱਤੇ ਰਿਹਾ। ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਨ ਲਈ ਡੀ ਟੀ ਸੀ ਕਪੂਰਥਲਾ ਦੇ ਜਨਰਲ ਸਕੱਤਰ ਪ੍ਰਿੰਸੀਪਲ ਮਨਜੀਤ ਸਿੰਘ ਹੈਬਤਪੁਰੀ , ਮੀਤ ਪ੍ਰਧਾਨ ਪ੍ਰਿੰਸੀਪਲ ਨਵਚੇਤਨ ਸਿੰਘ ਵਿਸ਼ੇਸ਼ ਤੌਰ ਉੱਤੇ ਸ਼ਾਮਿਲ ਹੋਏ। ਡੀ ਐਮ (ਸਪੋਰਟਸ) ਕਪੂਰਥਲਾ ਸੁਖਵਿੰਦਰ ਸਿੰਘ ਖੱਸਣ ਨੇ ਦੱਸਿਆ ਕਿ ਵੱਖ ਵੱਖ ਜਿਲ੍ਹਿਆਂ ਤੋਂ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਦੇ ਖਿਡਾਰੀਆਂ ਵੱਲੋਂ 69ਵੀਆਂ ਪੰਜਾਬ ਅੰਤਰ ਜਿਲ੍ਹਾ ਸਕੂਲਜ਼ ਖੇਡਾਂ ( ਰੱਸਾ ਕੱਸੀ





ਅੰਡਰ 14 ਸਾਲ ਲੜਕਿਆਂ ) ਦੀ ਸਟੇਟ ਚੈਂਪੀਅਨਸ਼ਿਪ 2025- 26 ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਜਿਹਨਾਂ ਦੇ ਰਹਿਣ ਸਹਿਣ ਦਾ ਜਿਲਾ ਟੂਰਨਾਮੈਂਟ ਪ੍ਰਬੰਧਕ ਕਮੇਟੀ ( ਡੀ ਟੀ ਸੀ ) ਕਪੂਰਥਲਾ ਵੱਲੋਂ ਲੋੜੀਂਦਾ ਪ੍ਰਬੰਧ ਕੀਤਾ ਗਿਆ । ਡੀ ਐਮ (ਸਪੋਰਟਸ ) ਸੁਖਵਿੰਦਰ ਸਿੰਘ ਖੱਸਣ ਨੇ ਦੱਸਿਆ ਕਿ ਜ਼ਿਲਾ ਸਿੱਖਿਆ ਅਫਸਰ (ਸੈਕੰਡਰੀ ) ਕਪੂਰਥਲਾ ਹਰਜਿੰਦਰ ਸਿੰਘ ਪ੍ਰਧਾਨ ਜ਼ਿਲਾ ਟੂਰਨਾਮੈਂਟ ਕਮੇਟੀ ਦੀ ਮੁਕੰਮਲ ਸਰਪ੍ਰਸਤੀ ਹੇਠ ਹੋ ਰਹੀ ਉਕਤ 69ਵੀਆਂ ਰੱਸਾ ਕੱਸੀ ਅੰਡਰ 14 ਸਾਲ ਲੜਕਿਆਂ ਦੀ ਸਟੇਟ ਚੈਂਪੀਅਨਸ਼ਿਪ - 2025- 26 ਨੂੰ ਸਫ਼ਲ ਬਣਾਉਣ ਲਈ ਡੀ ਟੀ ਸੀ ਕਪੂਰਥਲਾ ਦੇ ਜਨਰਲ ਸਕੱਤਰ ਪ੍ਰਿੰਸੀਪਲ ਮਨਜੀਤ ਸਿੰਘ ਹੈਬਤਪੁਰੀ , ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਅਤੇ ਮੀਤ ਪ੍ਰਧਾਨ ਪ੍ਰਿੰਸੀਪਲ ਨਵਚੇਤਨ ਸਿੰਘ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। 69ਵੀ ਅੰਤਰ ਜਿਲ੍ਹਾ ਰੱਸਾ ਕੱਸੀ ਅੰਡਰ 14 ਸਾਲ ਲੜਕਿਆਂ ਦੀ ਸਟੇਟ ਚੈਂਪੀਅਨਸ਼ਿਪ ਦੇ ਅੰਤਿਮ ਦਿਨ ਅਬਜਰਵਰ ਲੈਕਚਰਾਰ ਫਿਜੀਕਲ ਲੈਕਚਰਾਰ ਐਜੂਕੇਸ਼ਨ ਰਾਜ ਖਾਨ ਪੱਟੀ, ਡੀ ਪੀ ਈ ਅਮਰਜੀਤ ਸਿੰਘ ਫਿਰੋਜ਼ਪੁਰ , ਲੈਕਚਰਾਰ ਫਿਜੀਕਲ ਲੈਕਚਰਾਰ ਐਜੂਕੇਸ਼ਨ ਅਵਤਾਰ ਸਿੰਘ ਪੱਟੀ, ਕੋਚ ਕੁਲਬੀਰ ਕਾਲੀ ਟਿੱਬਾ, ਲੈਕਚਰਾਰ ਫਿਜੀਕਲ ਲੈਕਚਰਾਰ ਐਜੂਕੇਸ਼ਨ ਸੁਰਜੀਤ ਸਿੰਘ ਥਿੰਦ , ਲੈਕਚਰਾਰ ਫਿਜੀਕਲ ਲੈਕਚਰਾਰ ਐਜੂਕੇਸ਼ਨ ਮੁਕੇਸ਼ ਕੁਮਾਰ ਚੌਧਰੀ, ਪੀ ਟੀ ਆਈ ਜਤਿੰਦਰ ਸਿੰਘ ਸ਼ੈਲੀ , ਲੈਕਚਰਾਰ ਫਿਜੀਕਲ ਐਜੂਕੇਸ਼ਨ ਰਕੇਸ਼ ਕੁਮਾਰ ਸੈਦਪੁਰ, ਡੀ ਪੀ ਈ ਮੈਡਮ ਅਰਵਿੰਦਰ ਕੌਰ ਬਲੇਅਰ ਖਾਨਪੁਰ, ਡੀ ਪੀ ਈ ਜਗੀਰ ਸਿੰਘ , ਡੀ ਪੀ ਈ ਸਾਜਨ ਕੁਮਾਰ , ਪੀ ਟੀ ਆਈ ਹਰਪ੍ਰੀਤ ਸਿੰਘ ਆਦਿ ਨੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ।

# ਪੰਜਾਬੀ ਸਾਹਿਤ ਸਭਾ ਡੇਰਾਬੱਸੀ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਮੌਕੇ ਕਰਵਾਇਆ ਕਵੀ ਦਰਬਾਰ

**ਡੇਰਾਬੱਸੀ,(ਸੰਜੀਵ ਸਿੰਘ ਸੈਣੀ)** ਪੰਜਾਬੀ ਸਾਹਿਤ ਸਭਾ ਡੇਰਾਬੱਸੀ ਵੱਲੋਂ ਮਹਿਨੇਵਾਰ ਇਕੱਤਰਤਾ ਸ਼ਹੀਦ ਜਥੇਦਾਰ ਬਖਤਾਵਰ ਸਿੰਘ ਭਾਂਖਰਪੁਰ ਯਾਦਗਾਰੀ ਲਾਇਬ੍ਰੇਰੀ ਵਿੱਚ ਆਯੋਜਿਤ ਕੀਤੀ ਗਈ। ਸਭਾ ਦੀ ਇਕੱਤਰਤਾ ਨਾ ਸਿਰਫ਼ ਸਾਹਿਤਕ ਚਰਚਾ ਦਾ ਮੰਚ ਬਣਿਆ, ਸਗੋਂ ਕਵੀ ਦਰਬਾਰ ਰੂਪ ਵਿੱਚ ਰਚਨ-ਾਤਮਕਤਾ ਦੀ ਮਿੱਠੀ ਸੁਗੰਧ ਵੀ ਫੈਲਾਉਂਦਾ ਨਜ਼ਰ ਆਇਆ। ਇਕੱਤਰਤਾ ਦੀ ਅਗਵਾਈ ਜੈਲਦਾਰ ਸਿੰਘ ਹਸਮੁਖ ਨੇ ਕੀਤੀ। ਇਸ ਮੌਕੇ ਮੈਂਬਰਾਂ ਨੇ ਸੁਝਾਅ ਦਿੱਤਾ ਕਿ ਸਾਹਿਤਕ ਸਰਗਰਮੀਆਂ ਨੂੰ ਵਧਾਉਣ ਲਈ ਹੋਰ ਪਿੰਡਾਂ ਅਤੇ ਵਿਦਿਆਰਥੀ ਜਥੇਬੰਦੀਆਂ ਨਾਲ ਜੁੜਨ ਦੀ ਲੋੜ ਹੈ, ਤਾਂ ਜੋ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੋੜਿਆ ਜਾ ਸਕੇ। ਮੀਟਿੰਗ ਤੋਂ ਬਾਅਦ ਹੋਏ ਕਵੀ ਦਰਬਾਰ ਵਿੱਚ



ਹਾਜ਼ਰ ਕਵਆਂ ਨੇ ਰਚਨਾਵਾਂ ਸੁਣਾਈਆਂ। ਕਵਿਤਾਵਾਂ ਵਿੱਚ ਸਮਾਜਕ ਮੁੱਦਿਆਂ, ਮਨੁਖੀ ਮੁੱਲਾਂ, ਅਤੇ ਸਿੱਖ ਇਤਿਹਾਸ ਬਾਰੇ ਖ਼ਾਸ ਤੌਰ ਤੇ ਚਰਚਾ ਕੀਤੀ ਗਈ। ਇਸ ਕਵੀ ਦਰਬਾਰ ਨੂੰ ਵਿਸ਼ੇਸ਼ ਰੂਪ ਨਾਲ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ, ਜਿਸ ਕਾਰਨ ਸਮਾਗਮ ਦਾ ਮਾਹੌਲ ਰੂਹਾਨੀ ਅਤੇ ਪ੍ਰੇਰਣਾਤਮਕ ਬਣਿਆ ਰਿਹਾ। ਇਸ ਮੌਕੇ ਧਰਮ ਸਿੰਘ ਭਾਂਖਰਪੁਰ ਨੇ ਸਭਾ ਵੱਲੋਂ ਕੀਤੀਆਂ ਤਾਜ਼ਾ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਡੇਰਾਬੱਸੀ ਅਗਲੇ ਮਹੀਨੇ ਵੀ ਖ਼ਾਸ ਸਾਹਿਤਕ ਸਮਾਗਮ ਕਰਨ ਦੀ ਯੋਜਨਾ ਬਣਾ ਰਹੀ ਹੈ।

# ਅਧਿਆਪਕ ਜਸਬੀਰ ਸਿੰਘ ਫੈਪ ਐਵਾਰਡ 2025 ਨਾਲ ਨਿਵਾਜੇ ਗਏ

## ਬਹੁਮੁੱਲੀਆਂ ਸੇਵਾਵਾਂ, ਸਮਰਪਣ, ਵਚਨਬੱਧਤਾ ਬੇਮਿਸਾਲ ਯੋਗਦਾਨ ਬਦਲੇ ਕੀਤਾ ਗਿਆ ਸਨਮਾਨਿਤ

**ਕਪੂਰਥਲਾ( ਵਿਸ਼ੇਸ਼ ਪ੍ਰਤੀਨਿਧ)**- ਅਧਿਆਪਕ ਜਸਬੀਰ ਸਿੰਘ ਨੂੰ ਫੈਪ ਐਵਾਰਡ 2025 ਨਾਲ ਨਿਵਾਜਿਆ ਗਿਆ ਹੈ। ਇਹ ਐਵਾਰਡ ਅਕਾਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿੱਚ ਅਧਿਆਪਨ ਸੇਵਾਵਾਂ ਨਿਭਾ ਰਹੇ ਅਧਿਆਪਕ ਜਸਬੀਰ ਸਿੰਘ ਨੂੰ ਪ੍ਰਾਈਡ ਆਫ਼ ਸਕੂਲ ਐਵਾਰਡ ਸ਼੍ਰੇਣੀ ਵਿੱਚ ਬਹੁਮੁੱਲੀਆਂ ਸੇਵਾਵਾਂ ਜਿਨ੍ਹਾਂ ਵਿੱਚ ਸਮਰਪਣ, ਵਚਨਬੱਧਤਾ ਅਤੇ ਬੇਮਿਸਾਲ ਯੋਗਦਾਨ ਬਦਲੇ ਫੈਪ ਐਵਾਰਡ 2025 ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਮਿਲਣ ਤੇ ਜਿੱਥੇ ਅਕਾਲ ਗਰੁੱਪ ਆਫ ਸੰਸਥਾ ਦੇ ਐੱਮ ਡੀ ਸੁਖਦੇਵ ਸਿੰਘ ਜੱਜ ਤੇ ਸਕੂਲ ਦੇ ਪ੍ਰਿੰਸੀਪਲ ਗਗਨਦੀਪ ਕੌਰ ਨੇ ਮੁਬਾਰਕਬਾਦ ਦਿੰਦੇ ਹੋਏ ਕਿਹਾ



ਅਧਿਆਪਕ ਜਸਬੀਰ ਸਿੰਘ ਫੈਪ ਐਵਾਰਡ 2025 ਨਾਲ।

ਕਿ ਜਸਬੀਰ ਸਿੰਘ ਦੀ ਸਮਰਪਣ, ਵਚਨਬੱਧਤਾ ਅਤੇ ਬੇਮਿਸਾਲ ਯੋਗਦਾਨ ਨੇ ਸੱਚਮੁੱਚ ਸਾਡੀ ਸੰਸਥਾ ਨੂੰ ਮਾਣ ਦਿਵਾਇਆ ਹੈ। ਉਹਨਾਂ ਦੀ ਪ੍ਰਾਪਤੀ ਨੇ ਸਾਰਿਆਂ ਨੂੰ ਪ੍ਰੇਰਿਤ ਕੀਤਾ ਅਤੇ ਪੂਰੇ ਵਿਦਿਅਕ ਭਾਈਚਾਰੇ ਲਈ ਇੱਕ ਸ਼ਾਨਦਾਰ ਉਦਾਹਰਣ ਸਥਾਪਤ ਕੀਤੀ ਹੈ । ਐਵਾਰਡ ਮਿਲਣ ਉਪਰੰਤ ਅਧਿਆਪਕ ਜਸਬੀਰ ਸਿੰਘ ਨੇ ਕਿਹਾ ਕਿ ਇਹ ਸਨਮਾਨ ਮਿਲਣਾ ਉਹਨਾਂ ਲਈ ਵੱਡੇ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਇਸ ਸਨਮਾਨ ਨਾਲ ਉਹਨਾਂ ਦੀਆਂ ਅਧਿਆਪਨ ਸੇਵਾਵਾਂ ਪ੍ਰਤੀ ਤੇ ਸੰਸਥਾ ਪ੍ਰਤੀ ਜ਼ਿੰਮੇਵਾਰੀਆਂ ਹੋਰ ਵੱਧ ਗਈਆਂ ਹਨ। ਇਸ ਦੌਰਾਨ ਅਧਿਆਪਕ ਜਸਬੀਰ ਸਿੰਘ ਦਾ ਮੂੰਹ ਮਿੱਠਾ ਕਰਵਾਉਣ ਤੇ ਵਧਾਈਆਂ ਦੇਣ ਵਾਲੇ ਅਧਿਆਪਕ ਸਾਥੀਆਂ,ਦੋਸਤਾਂ, ਮਿੱਤਰਾਂ ਤੇ ਚਾਹੁਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਸੀ।

# ਦਿਵਿਆਂਗਜਨ ਸਸ਼ਕਤੀਕਰਨ ਦੀ ਦਿਸ਼ਾ 'ਚ ਵੱਡੀ ਪਹਿਲ; 32 ਲੱਖ ਰੁਪਏ ਦੇ 155 ਸਹਾਇਕ ਉਪਕਰਣ ਵੰਡੇ

## ਦਿਵਿਆਂਗਜਨ ਹਮਦਰਦੀ ਨਹੀਂ, ਸਗੋਂ ਬਰਾਬਰ ਮੌਕੇ ਤੇ ਸਤਿਕਾਰ ਦੇ ਹੱਕਦਾਰ – ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਦਿਵਿਆਂਗਜਨ ਦੇ ਸਸ਼ਕਤੀਕਰਨ ਦੀ ਦਿਸ਼ਾ ਵਿਚ ਇੱਕ ਮਿਸਾਲੀ ਪਹਿਲਕਦਮੀ ਤਹਿਤ ਰੈੱਡ ਕਰਾਸ ਸੁਸਾਇਟੀ ਵੱਲੋਂ ਡਿਜੀਟਲ ਲਾਇਬ੍ਰੇਰੀ, ਹੁਸ਼ਿਆਰਪੁਰ ਵਿਖੇ ਇੱਕ ਸਹਾਇਕ ਉਪ-ਕਰਣ ਵੰਡ ਕੈਂਪ ਲਗਾਇਆ ਗਿਆ। ਕੈਂਪ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਕੀਤੀ। ਇਹ ਪ੍ਰੋਗਰਾਮ ਗ੍ਰਿਡ ਕੰਟਰੋਲਰ ਆਫ਼ ਇੰਡੀਆ ਦੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐਸਆਰ) ਪ੍ਰੋਗਰਾਮ ਦੇ ਤਹਿਤ ਆਯੋਜਿਤ ਕੀਤਾ ਗਿਆ ਸੀ, ਜਦ ਕਿ ਤਕਨੀਕੀ ਸਹਾਇਤਾ ਅਲਿਮਕੋ ਦੁਆਰਾ ਪ੍ਰਦਾਨ ਕੀਤੀ ਗਈ ਸੀ। ਕੈਂਪ ਵਿਚ 109 ਦਿਵਿਆਂਗ ਲਾਭਤਾਰੀਆਂ ਨੂੰ ਲਗਭਗ 32 ਲੱਖ




ਰੁਪਏ ਦੀ ਲਾਗਤ ਨਾਲ 155 ਸਹਾਇਕ ਉਪਕਰਣ ਵੰਡੇ ਗਏ, ਜਿਸ ਵਿਚ 37 ਮੋਟਰਾਈਜ਼ਡ ਟ੍ਰਾਈਸਾਈਕਲ, 22 ਆਮ ਟ੍ਰਾਈਸਾਈਕਲ, 30 ਵ੍ਹੀਲਚੇਅਰ, 4 ਸੀਪੀ ਕੁਰਸੀਆਂ, 2 ਸਮਾਰਟਫੋਨ, 1 ਸੁਗਮੀਆ ਕੇਨ, 34 ਬੈਸਾਖੀਆਂ, 20 ਤੁਰਨ ਵਾਲੀਆਂ ਸੋਟੀਆਂ, 1 ਰੋਲੇਟਰ ਅਤੇ 4 ਬਨਾਵਟੀ ਅੰਗਾਂ ਦੇ ਨਾਲ-ਨਾਲ ਹੋਰ ਬਹੁਤ ਸਾਰੇ ਉਪਯੋਗੀ ਉਪਕਰਣ ਸ਼ਾਮਲ ਹਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਦਿਵਿਆਂਗਜਨ ਸਮਾਜ ਦਾ ਇੱਕ ਅਨਿੱਖੜਵਾਂ ਅਤੇ ਕੀਮਤੀ ਹਿੱਸਾ ਹਨ ਅਤੇ ਉਹ ਨਾ ਸਿਰਫ਼ ਹਮਦਰਦੀ ਦੇ ਹੱਕਦਾਰ ਹਨ, ਸਗੋਂ ਬਰਾਬਰ ਮੌਕੇ ਅਤੇ ਸਤਿਕਾਰ ਦੇ ਵੀ ਹੱਕਦਾਰ ਹਨ। ਸਰਕਾਰ, ਪ੍ਰਸ਼ਾਸਨ, ਸਮਾਜਿਕ ਸੰਸਥਾਵਾਂ ਅਤੇ ਉਦਯੋਗ ਦੀ ਸਮੂਹਿਕ ਭਾਗੀਦਾਰੀ ਨਾਲ ਕੀਤੇ ਗਏ ਅਜਿਹੇ ਯਤਨ ਦਿਵਿਆਂਗਜਨ ਲੋਕਾਂ ਨੂੰ ਸਵੈ-ਨਿਰਭਰ ਬਣਾ ਕੇ ਅਤੇ ਸਮਾਜ ਦੀ ਮੁੱਖ ਧਾਰਾ ਵਿੱਚ ਅੱਗੇ ਵਧ ਕੇ ਇੱਕ ਨਵੀਂ ਦਿਸ਼ਾ ਦਿੰਦੇ ਹਨ।

# 12.58 ਕਰੋੜ ਰੁਪਏ ਨਾਲ ਚੱਬੇਵਾਲ ਦੇ ਪਿੰਡਾਂ ਦੀਆਂ ਗਲੀਆਂ ਦਾ ਰੂਪ ਬਦਲੇਗਾ – ਡਾ. ਇਸ਼ਾਂਕ

## ਕਿਹਾ, 160 ਪਿੰਡਾਂ ਦੀਆਂ ਗਲੀਆਂ ਦਾ ਕੀਤਾ ਜਾਵੇਗਾ ਸੁਧਾਰ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਚੱਬੇਵਾਲ ਵਿਧਾਨ ਸਭਾ ਖੇਤਰ ਵਿੱਚ 12.58 ਕਰੋੜ ਰੁਪਏ ਨਾਲ 160 ਪਿੰਡਾਂ ਦੀਆਂ ਗਲੀਆਂ ਦਾ ਸੁਧਾਰ ਅਤੇ ਪੱਕਾ ਨਿਰਮਾਣ ਕੀਤਾ ਜਾਵੇਗਾ, ਜਿਸ ਨਾਲ ਖੇਤਰ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਸੁਧਾਰ ਆਉਣਗੇ। ਇਹ ਵਿਚਾਰ ਡਾ. ਇਸ਼ਾਂਕ ਕੁਮਾਰ ਵਿਧਾਇਕ ਚੱਬੇਵਾਲ ਨੇ ਜ਼ਾਹਿਰ ਕੀਤੇ ।ਵਿਧਾਇਕ ਨੇ ਕਿਹਾ ਕਿ ਹਲਕਾ ਵਾਸੀਆਂ ਦੀ ਜ਼ਿੰਦਗੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਇਹ ਇਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਇਸ



ਵਾਰ ਦੀਆਂ ਬਰਸਾਤਾਂ ਵਿੱਚ ਹੜ੍ਹਾਂ ਕਾਰਨ ਬਹੁਤ ਸਾਰੀਆਂ ਸੜਕਾਂ ਅਤੇ ਪਿੰਡਾਂ ਦੀਆਂ ਗਲੀਆਂ ਨੂੰ ਨੁਕਸਾਨ ਪਹੁੰਚਿਆ ਸੀ। ਡਾ. ਇਸ਼ਾਂਕ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਇਨ੍ਹਾਂ ਗਲੀਆਂ ਦਾ ਨਿਰਮਾਣ ਟਿਕਾਊ ਅਤੇ ਗੁਣਵੱਤਾਪੂਰਨ ਹੋਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਪਿੰਡਾਂ ਦੇ ਵਸਨੀਕਾਂ ਨੂੰ ਰਾਹਤ ਮਿਲੇਗੀ ਅਤੇ ਖੇਤਰ ਵਿੱਚ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ। ਡਾ ਇਸ਼ਾਂਕ ਨੇ ਕਿਹਾ ਕਿ ਉਹ ਆਪਣੇ ਹਲਕੇ ਦੇ ਹਰੇਕ ਇਕ ਪਿੰਡ ਦੇ ਵਿਕਾਸ ਲਈ, ਹਲਕਾ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਹਰ ਬਣਦਾ ਕਦਮ ਚੁੱਕਣ ਲਈ ਵਚਨਬੱਧ ਹਨ ।

# ਬਸਪਾ ਦੇ ਮਰਦ ਅਤੇ ਔਰਤਾਂ ਨੇ ਸਹਿਯੋਗ ਰਾਸ਼ੀ ਕੇਂਦਰੀ ਫੰਡ ਲਈ ਭੇਂਟ ਕੀਤੀ : ਪ੍ਰਵੀਨ ਬੰਗਾ





**ਬੰਗਾ( ਚਰਨਜੀਤ ਸੱਲ੍ਹਾਂ )** ਸਾਹਿਬ ਕਾਂਸ਼ੀ ਰਾਮ ਜੀ ਵਲੋਂ 15ਜਨਵਰੀ ਨੂੰ ਭੈਣ ਕੁਮਾਰੀ ਮਾਇਆ ਜੀ ਦੇ ਜਨਮਦਿਨ ਤੇ ਆਰਥਿਕ ਸਹਿਯੋਗ ਦਿਵਸ ਦੇ ਤਹਿਤ ਬੰਗਾ ਹਲਕੇ ਦੇ ਪਿੰਡ ਝੰਡੇਰ ਖੁਰਦ ਤੇ ਬਹਿਰਾਮ ਦੇ ਸਤਿਕਾਰਯੋਗ ਸਾਥੀਆਂ ਤੇ ਬੀਬੀਆਂ ਅਤੇ ਮਰਦਾਂ ਵਲੋਂ ਆਰਥਿਕ ਸਹਿਯੋਗ ਦਿੰਦੇ ਹੋਏ ਕੁਲਦੀਪ ਰਾਏ ਬਹਿਰਾਮ, ਤੀਰਥ ਕਲਸੀ ਬਹਿਰਾਮ, ਦਰਸ਼ਨ ਬਹਿਰਾਮ, ਸੁਰਜੀਤ ਸਿੰਘ ਝੰਡੇਰਾ, ਪਰਮਜੀਤ ਕੌਰ ਸਾਬਕਾ ਸਰਪੰਚ ਤੇ ਹੋਰ ਵੀ ਪਾਰਟੀ ਵਰਕਰ ਜਿਨ੍ਹਾਂ ਨੇ ਕੇਂਦਰੀ ਫੰਡ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਨੂੰ ਦਿੱਤਾ। ਇਸ ਤਰ੍ਹਾਂ ਪ੍ਰਵੀਨ ਬੰਗਾ ਨੇ ਇਨ੍ਹਾਂ ਦਾ ਧੰਨਵਾਦ ਕੀਤਾ।

# ਐਸ.ਡੀ.ਐਮ. ਗੁਰਸਿਮਰਨਜੀਤ ਕੌਰ ਨੇ ਅੰਗਦਾਨ ਪ੍ਰਣ ਮੁਹਿੰਮ ਹੁਸ਼ਿਆਰਪੁਰ ਸਬ-ਡਵੀਜ਼ਨ ਦੇ ਲੋਕਾਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਦੇ ਲਈ ਕੀਤਾ ਪ੍ਰੇਰਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਉਪ-ਮੰਡਲ ਮੈਜਿਸਟ੍ਰੇਟ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਅੰਗ ਦਾਨ ਪ੍ਰਣ ਮੁਹਿੰਮ ਦੀ ਸ਼ੁਰੂਆਤ ਕੀਤੀ, ਇਸਨੂੰ 'ਮਨੁੱਖਤਾ ਦੀ ਸੇਵਾ ਦਾ ਸਭ ਤੋਂ ਉੱਚਾ ਰੂਪ' ਦੱਸਿਆ। ਐਸਡੀਐਮ ਨੇ ਕਿਹਾ ਕਿ ਇੱਕ ਵਿਅਕਤੀ ਦੁਆਰਾ ਅੰਗ ਦਾਨ ਕਰਨ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਅਤੇ ਇਹ ਪਹਿਲ ਸਮਾਜ ਵਿੱਚ ਸੰਵੇਦਨਸ਼ੀਲਤਾ, ਹਮਦਰਦੀ ਅਤੇ ਜੀਵਨ ਬਚਾਉਣ ਦੀ ਸਮੂਹਿਕ ਭਾਵਨਾ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਾਲ-ਨਾਲ ਸਬ-ਡਵੀਜ਼ਨ ਪੱਧਰ 'ਤੇ ਸਿਹਤ ਵਿਭਾਗ ਦੀ ਨਿਗਰਾਨੀ ਹੇਠ ਵਿਆਪਕ ਤੌਰ 'ਤੇ ਚਲਾਈ ਜਾ ਰਹੀ ਹੈ।ਗੁਰਸਿਮਰਨਜੀਤ ਕੌਰ ਨੇ ਸਾਰੇ ਸਤਿਕਾਰਯੋਗ ਨਾਗਰਿਕਾਂ, ਪੰਚਾਇਤ ਪ੍ਰਤੀਨਿਧੀਆਂ, ਸਰਪੰਚਾਂ, ਨੰਬਰਦਾਰਾਂ, ਸਮਾਜ ਸੇਵਕਾਂ, ਧਾਰਮਿਕ ਸੰਗਠਨਾਂ,




ਯੁਵਾ ਵਲੰਟੀਅਰਾਂ ਅਤੇ ਭਾਈਚਾਰੇ ਦੇ ਪ੍ਰਭਾਵਸ਼ਾਲੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਕ ਕਾਰਜ ਵਿੱਚ ਉਤਸ਼ਾਹ ਨਾਲ ਯੋਗਦਾਨ ਪਾਉਣ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਅੰਗ ਦਾਨ ਦਾ ਪ੍ਰਣ ਲੈਣ ਲਈ ਪ੍ਰੇਰਿਤ ਕਰਨ। ਐਸਡੀਐਮ ਨੇ ਕਿਹਾ ਕਿ ਕੋਈ ਵੀ ਨਾਗਰਿਕ ਸਿਹਤ ਵਿਭਾਗ ਵੱਲੋਂ ਜਾਰੀ ਕੀਤੇ ਗਏ ਕਿਊਆਰ ਕੋਡ, ਐਪ ਲਿੰਕ ਅਤੇ ਪੋਰਟਲ ਰਾਹੀਂ ਆਪਣੇ ਅੰਗ ਦਾਨ ਸਹੁੰ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਅਤੇ ਸੁਰੱਖਿਅਤ ਢੰਗ ਨਾਲ ਪੂਰਾ ਕਰ ਸਕਦਾ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਜਾਗਰੂਕਤਾ ਅਤੇ ਰਜਿਸਟ੍ਰੇਸ਼ਨ ਨੂੰ ਉਤਸ਼ਾਹਿਤ ਕਰਨ ਲਈ ਪ੍ਰਸ਼ਾਸਕੀ ਪੱਧਰ 'ਤੇ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਮਿਲ ਕੇ ਹੁਸ਼ਿਆਰਪੁਰ ਸਬ-ਡਵੀਜ਼ਨ ਨੂੰ ਅੰਗ ਦਾਨ ਜਾਗਰੂਕਤਾ ਅਤੇ ਰਜਿਸਟ੍ਰੇਸ਼ਨ ਦੇ ਖੇਤਰ ਵਿੱਚ ਇੱਕ ਉਦਾਹਰਣ ਬਣਾਉਣਾ ਚਾਹੀਦਾ ਹੈ, ਤਾਂ ਜੋ ਸਾਡੀ ਸਮੂਹਿਕ ਪਹਿਲ ਕਿਸੇ ਦੇ ਜੀਵਨ ਵਿੱਚ ਨਵੀਂ ਉਮੀਦ ਅਤੇ ਇੱਕ ਨਵੀਂ ਸਵੇਰ ਲਿਆ ਸਕੇ।

# ਏਕੇ ਦਾ ਸੁਨੇਹਾ



ਮਿਲ ਕੇ ਜ਼ਾਲਮ ਦੇ ਨਾਲ਼ ਲੜੀਏ ,
'ਕੱਲੇ 'ਕੱਲੇ ਹਰ ਜਾਵਾਂਗੇ ।
ਹਾਕਮ ਦਾ ਇਹ ਭਰਮ ਤੋੜੀਏ ,
ਕਿ ਉਸ ਕੋਲ਼ੋਂ ਡਰ ਜਾਵਾਂਗੇ।
ਤਿਲ ਤਿਲ ਕਰਕੇ ਮਰਨ ਨਾਲ਼ੋਂ ਤਾਂ ,
ਕੁੱਝ ਨਾ ਕੁੱਝ ਕਰਕੇ ਮਰ ਜਾਈਏ ;
ਹੋਰਨਾਂ ਲਈ ਸ਼ਹੀਦੀਆਂ ਵਾਲ਼ਾ ,
ਰਾਹ ਮੋਕਲ਼ਾ ਕਰ ਜਾਵਾਂਗੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਮਰ-ਜਾਣੀ

ਕਿਤਾਬ ਜਿਹੀ ਸੀਰਤ ਹੈ ਓਹ
ਗੁਲਾਬ ਜਿਹੀ ਮੂਰਤ ਹੈ ਓਹ
ਬੜੇ ਚਿਰਾਂ ਬਾਅਦ ਮਿਲੀ
ਜਿਉਂ ਕੋਰ ਕਣਕਾਂ ਨੂੰ ਪਾਣੀ
ਦਿਲ ਦੀ ਬਣ ਗਈ ਪਟਰਾਣੀ
ਰੂਹ ਦੀ ਵੀ ਰੂਹ ਮਰ-ਜਾਣੀ
ਓਹ ਹੀ ਮੇਰੀ ਇਸ਼ਕ ਕਹਾਣੀ.........
ਪੜਾਂ ਓਹਦੇ ਨੈਣ ਜਦ ਗਹਿਰੇ
ਪਰ ਮੈਥੋਂ ਪੜ੍ਹ ਨਹੀਂ ਹੁੰਦੇ
ਪੁੰਨਿਆਂ ਦੇ ਚੰਨ ਵਰਗੀ
ਹੱਥ ਪਰ ਫੜ੍ਹ ਨਹੀਂ ਹੁੰਦੇ
ਤਲਬ ਰੂਹ ਦੀ ਪੁਰਾਣੀ
ਲੁਕ ਲੁਕ ਤੱਕੇ ਸ਼ੀਤਾ ਥਾਣੀ
ਓਹ ਹੀ ਮੇਰੀ ਇਸ਼ਕ ਕਹਾਣੀ.........
ਓਹਦਾ ਹੱਸ-ਮੁੱਖ ਚਿਹਰਾ
ਓਹਦਾ ਏ ਨਖਰਾ ਨਬਾਬੀ
ਨਜਰੋਂ ਜਦ ਅਰਜ਼ ਗੁਜਾਰਾ
ਰੰਗ ਹੋ ਜਾਏ ਸਰਬ ਮਤਾਬੀ
ਸ਼ਰਮਾ ਹੋ ਜਾਂਦੀ ਪਾਣੀ-ਪਾਣੀ
ਓਹ ਕੁੜੀ ਪਰੀਆਂ ਦੀ ਰਾਣੀ
ਓਹ ਹੀ ਮੇਰੀ ਇਸ਼ਕ ਕਹਾਣੀ.........
ਅਸੀਂ ਥਲ ਔੜਾਂ ਮਾਰੇ
ਓਹ ਘਟਾ, ਸਾਉਣ ਦੀ ਝੜੀ
ਫਰਿਆਦ ਐ ਮੇਰੇ ਖੁਦਾ
ਸੰਯੋਗਾਂ ਦੀ ਜੋੜਦੇ ਅੜੀ
ਦੇ ਅਸੀਸਾਂ ਬਣ ਜਾਏ ਹਾਣੀ
"ਰੇਤਗੜ੍ਹ ਬਾਲੀ" ਦੀ ਮਹਾਰਾਣੀ
ਓਹ ਹੀ ਮੇਰੀ ਇਸ਼ਕ ਕਹਾਣੀ......



**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ**
919465129168

## ਦੋਸਤਾ.....



ਤੂੰ ਸਭਨਾਂ ਤੋਂ ਵੱਧ ਪਿਆਰਾ ਏਂ ਦੋਸਤਾ!
ਤੇਰੇ ਬਿਨ ਕੌਣ ਸਹਾਰਾ ਏਂ ਦੋਸਤਾ?
ਤੂੰ ਰੂਹ ਦੇ ਅੰਦਰ ਵੱਸਦਾ ਹੈ ਮੇਰੀ,
ਦੁਨੀਆਂ ਸਾਰੀ ਤੋਂ ਨਿਆਰਾ ਏਂ ਦੋਸਤਾ।
ਤੂੰ ਸਭਨਾਂ ਤੋਂ.....
ਮੇਰੇ ਵਿੱਚ ਕੁਝ ਕਮੀਆਂ ਵੀ ਹਨ,
ਪਰ ਤੂੰ ਢੱਕ ਲੈਂਦਾ ਏਂ।
ਲੋਕਾਂ ਸਾਹਮਣੇ ਉੱਘਾੜਦਾ ਨਹੀਂ,
ਸਗੋਂ ਪੱਤ ਰੱਖ ਲੈਂਦਾ ਏਂ।
ਤੂੰ ਹੀ ਤਾਂ ਮੰਜ਼ਿਲ ਹੈ ਮੇਰੀ ਤੇ ,
ਡੁੱਬਦੀ ਹੋਈ ਦਾ ਕਿਨਾਰਾ ਏਂ ਦੋਸਤਾ।
ਤੂੰ ਸਭਨਾਂ ਤੋਂ...
ਕੁਰਬਾਨ ਜਾਵੇਂ ਤੂੰ ਮੇਰੇ ਤੋਂ ਨਿੱਤ,
ਬਲਾਵਾਂ ਲੈਂਦਾ ਏਂ ਮੇਰੀਆਂ।
ਮੋੜ ਲੈਂਦੀਆਂ ਨੇ ਮੈਨੂੰ ਤਾਂ,
ਇਹ ਸਾਜ਼ਿਸ਼ਾਂ ਜੋ ਤੇਰੀਆਂ।
ਕਿਸਮਤ ਮੇਰੀ ਦਾ ਸਰਤਾਜ ਹੈ ਤੂੰ ,
ਮੱਥੇ ਤੇ ਚਮਕਦਾ ਸਿਤਾਰਾ ਏਂ ਦੋਸਤਾ।
ਤੂੰ ਸਭਨਾਂ ਤੋਂ....
ਤੂੰ ਨਾਲ਼ ਹੀ ਰਹੇਂ ਸਦਾ ਜੇ ਮੇਰੇ,
ਦੁਨੀਆਂ ਦੀ ਫ਼ੇਰ ਕੀ ਪਰਵਾਹ ਮੈਨੂੰ।
ਤੇਰੇ ਹੀ ਗੁਣ ਗਾਵਾਂ 'ਮਨਜੀਤ '
ਤੇਰਾ ਨਾਮ ਦਾ ਆਵੇ ਹਰ ਸਾਹ ਮੈਨੂੰ।
ਮੈਂ ਕਲੀ ਹਾਂ ਨਿੱਕੀ ਜਿਹੀ ਪਰ ਤੂੰ,
ਫੁੱਲਾਂ ਦਾ ਪੂਰਾ ਕਿਆਰਾ ਏਂ ਦੋਸਤਾ।



**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
ਸੰ:9464633059

## ਝਗੜੇ-ਝੇੜੇ

ਛੱਡ ਓ ਸੋਹਣਿਆਂ ਝਗੜੇ-ਝੇੜੇ।
ਜਿਨ੍ਹਾਂ ਵੀ ਕੀਤੇ ਮਸਾਂ ਨਿਬੇੜੇ।

ਇਹ ਕ੍ਰੋਧ ਚੰਡਾਲ ਬੜਾ ਈ ਭੈੜਾ,
ਮਸਲੇ ਕਦੇ ਨਹੀਂ ਏਸ ਨਿਬੇੜੇ।

ਰੇਤੇ ਦੇ ਵਿੱਚ ਰਹਿ ਗਿਆ ਜੇਤੂ,
ਜਿਸ ਨੇ ਬੜੇ ਹੀ ਕੀਤੇ ਝੇੜੇ।

ਗੁੱਸੇ ਨੂੰ ਤੂੰ ਜੇ ਨੱਪਣਾਂ ਚਾਹੁੰਨੈ,
ਹੋ ਸੱਜਣਾ ਪੂਰੇ ਮੁਰਸ਼ਦ ਨੇੜੇ।

ਵਿੱਚ ਵਿਕਾਰਾਂ ਜੋ ਨੇ ਫਸਗੇ,
ਮੁਨਸਫ਼ਾਂ ਦੇ ਵੱਲ ਮਾਰਨ ਗੇੜੇ।

'ਦੀਪ' ਪਾਣੀ ਦੇ ਵਿੱਚ ਮਧਾਣੀ,
ਨਿੱਕਲਦਾ ਨਾ ਕੁਝ ਫੋਕੇ ਫੇਰੇ।



**ਸੰਦੀਪ 'ਦੀਪ' ਦੰਦਰਾਲਾ ਖਰੌਡ**
9872701191



# ਬੇਗਮਪੁਰਾ ਦੇ ਰਸਤੇ ਵਿੱਚ ਰੋੜੇ ਬਣਨ ਵਾਲਿਆਂ ਨੂੰ ਸੰਗਤਾਂ ਮਾਫ਼ ਨਹੀਂ ਕਰਨਗੀਆਂ- ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਜੀ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਸ੍ਰੀ ਗੁਰੂ ਰਵਿਦਾਸ ਇਤਿਹ-ਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮ-ਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਨਤਮ-ਸਤਿਕ ਹੋਏ ਅਤੇ ਇਥੇ ਓਹਨਾਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਹਾਜਰ ਸੰਗਤਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਚੱਲ ਰਹੇ ਕਾਰਜਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਬੇਗਮਪੁਰਾ ਦੇ ਰਸਤੇ ਵਿਚ ਰੋੜੇ ਬਣਨ ਵਾਲਿਆਂ ਨੂੰ ਸੰਗਤਾਂ ਕਦੀ ਮਾਫ਼ ਨਹੀਂ ਕਰਨਗੀਆਂ।

ਓਹਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਦੇ ਪ੍ਰਚਾਰ ਪ੍ਰਸਾਰ ਅਤੇ ਆਦਿ ਵਾਸੀ ਬਹੁਜਨ ਸਮਾਜ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ



ਅੰਬੇਡਕਰ , ਬਾਬੂ ਕਾਂਸ਼ੀ ਰਾਮ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਵਲੋਂ ਸਾਂਝੇ ਯਤਨਾਂ ਸਦਕਾ ਉਸਾਰੇ ਜਾ ਰਹੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਅਤੇ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਉਸਾਰੀ ਦੇ ਰਸਤੇ ਵਿਚ ਰੋੜੇ ਬਣਨ ਵਾਲਿਆਂ ਨੂੰ ਸੰਗਤਾਂ ਕਦੀ ਮਾਫ ਨਹੀਂ ਕਰਨਗੀਆਂ। ਉਨਾਂ ਪ੍ਰਸ਼ਾਸਨ ਨੂੰ ਵੀ ਅਪੀਲ ਕੀਤੀ ਕਿ ਝੂਠੀਆਂ ਦਰਖ਼ਾਸਤਾਂ ਦੇ ਕੇ ਸਰਕਾਰੀ ਅਮਲੇ ਦਾ ਸਮਾਂ ਬਰਬਾਦ ਕਰਨ ਵਾਲਿਆਂ ਨੂੰ ਵਰਜਿਆ ਜਾਵੇ ਕਿਉਂਕਿ ਇਹ ਸਾਰੇ ਕਾਰਜ ਬੇਗਮਪੁਰਾ ਦੀਆਂ ਸੰਗਤਾਂ ਵਲੋਂ ਸੰਵਿਧਾਨਕ ਦਾਇਰੇ ਵਿੱਚ ਰਹਿਕੇ ਅਮਨ,ਸ਼ਾਂਤੀ ਅਤੇ ਭਾਈਚਾਰੇ ਦੇ ਸੰਕਲਪ ਤਹਿਤ ਕੀਤੇ ਜਾ ਰਹੇ ਹਨ। ਸੰਤ ਸਰਵਣ ਦਾਸ ,ਸੰਤ ਸਤਵਿੰਦਰ ਹੀਰਾ ਨੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਦੀ ਉਸਾਰੀ ਲਈ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਦਿੱਤੇ ਜਾ ਰਹੇ ਭਾਰੀ ਸ਼ਰਧਾ, ਸਹਿਯੋਗ ਲਈ ਧੰਨਬਾਦ ਵੀ ਕੀਤਾ ।

**ਫੋਟੋ ਅਜਮੇਰ ਦੀਵਾਨਾ**

# ਲਿਬਰੇਸ਼ਨ ਨੇ ਫੂਕਿਆ ਮਾਨ ਸਰਕਾਰ ਦਾ ਪੁਤਲਾ

## ਕਿਲੋਮੀਟਰ ਸਕੀਮ ਤਹਿਤ ਦਿੱਲੀ ਦੀਆਂ ਬੱਸਾਂ ਪਾਉਣ ਦੀ ਬਜਾਏ, ਨਵੀਆਂ ਸਰਕਾਰੀ ਬੱਸਾਂ ਪਾਉਣ ਦੀ ਮੰਗ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਮਾਨ ਸਰਕਾਰ ਵਲੋਂ ਕਿਲੋਮੀਟਰ ਸਕੀਮ ਰਾਹੀਂ ਦਿੱਲੀ ਦੀਆਂ ਬੱਸਾਂ ਪਾ ਕੇ ਪੀਆਰਟੀਸੀ ਤੇ ਪੰਜਾਬ ਰੋਡਵੇਜ਼ ਦੇ ਅਸਿੱਧੇ ਨਿੱਜੀਕਰਨ ਦੀ ਨੀਤੀ ਖਿਲਾਫ ਸੰਘਰਸ਼ ਕਰ ਰਹੇ ਰੋਡਵੇਜ਼ ਵਰਕਰਾਂ ਉਤੇ ਥਾਂ ਥਾਂ ਤੇ ਕੀਤੇ ਲਾਠੀਚਾਰਜ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਖ਼ਿਲਾਫ਼ ਅੱਜ ਇਥੇ ਸੀਪੀਆਈ (ਐਮ ਐਲ) ਲਿਬਰੇਸ਼ਨ ਵਲੋਂ ਮਾਨ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਅੰਦੋਲਨਕਾਰੀਆਂ ਉਤੇ ਢਾਹੇ ਗਏ ਜ਼ਬਰ ਦੀ ਸਖ਼ਤ ਨਿੰਦਾ ਕੀਤੀ ਗਈ। ਬਾਜ਼ਾਰ ਵਿੱਚ ਰੋਸ ਮੁਜ਼ਾਹਰਾ ਕਰਨ ਤੋਂ ਬਾਅਦ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਂਕ ਵਿੱਚ ਅਰਥੀ ਸਾੜਨ ਮੌਕੇ ਕੀਤੀ ਗਈ ਰੈਲੀ ਨੂੰ ਲਿਬਰੇਸ਼ਨ ਦੇ ਸੂਬਾਈ ਆਗੂ ਕਾਮਰੇਡ ਜਸਬੀਰ ਕੌਰ ਨੱਤ, ਮਾਨਸਾ



ਤਹਿਸੀਲ ਦੇ ਸਕੱਤਰ ਸਾਥੀ ਗੁਰਸੇਵਕ ਸਿੰਘ ਮਾਨ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਘਰਾਂਗਣਾਂ , ਆਇਸਾ ਦੇ ਸੂਬਾ ਆਗੂ ਸੁਖਜੀਤ ਸਿੰਘ ਰਾਮਾਨੰਦੀ ਅਤੇ ਇਸ ਰਿਕਸ਼ਾ ਯੂਨੀਅਨ ਮਾਨਸਾ ਦੇ ਪ੍ਰਧਾਨ ਨਿਰਮਲ ਸਿੰਘ ਤੇ ਕਾਮਰੇਡ ਗੇਜਾ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਸੁਖਦਰਸ਼ਨ ਸਿੰਘ ਨੱਤ, ਅੰਗਰੇਜ਼ ਸਿੰਘ ਘਰਾਂਗਣਾਂ ਤੇ ਹੋਰ ਵਰਕਰ ਹਾਜ਼ਰ ਸਨ। ਵਿਖਾਵਾਕਾਰੀਆਂ ਨੇ ਮੰਗ ਕੀਤੀ ਕਿ ਸਾਲਾਂ ਤੋਂ ਕੰਟਰੈਕਟ ਉਤੇ ਕੰਮ ਕਰਦੇ ਸਾਰੇ ਡਰਾਈਵਰਾਂ ਤੇ ਕੰਡਕਟਰਾਂ ਨੂੰ ਪੱਕਾ ਕੀਤਾ ਜਾਵੇ, ਦਿੱਲੀ ਤੋਂ ਲਿਆ ਕੇ ਕਿਲੋਮੀਟਰ ਸਕੀਮ ਵਿੱਚ ਬੱਸਾਂ ਪਾਉਣ ਦੀ ਥਾਂ ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਵਿੱਚ ਨਵੀਆਂ ਸਰਕਾਰੀ ਬੱਸਾਂ ਪਾਈਆਂ ਜਾਣ ਅਤੇ ਅੰਦੋਲਨ ਦੌਰਾਨ ਸਸਪੈਂਡ ਕੀਤੇ ਗਏ ਸਾਰੇ ਵਰਕਰਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ ਦੇ ਵਿਦਿਆਰਥੀ ਨੇ ਸੰਵਿਧਾਨ ਦਿਵਸ ਮੌਕੇ ਵਿਧਾਨ ਸਭਾ ਵਿੱਚ ਭਾਗ ਲਿਆ

**ਲੰਬੀ (ਜਸਵਿੰਦਰ ਪਾਲ ਸ਼ਰਮਾ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ ਦੇ ਵਿਦਿਆਰਥੀ ਪ੍ਰਭਜੋਤ ਸਿੰਘ ਨੇ ਸੰਵਿਧਾਨ ਦਿਵਸ ਮੌਕੇ ਪੰਜਾਬ ਵਿਧਾਨ ਸਭਾ ਦੇ ਰਾਜ ਪੱਧਰੀ ਸਮਾਗਮ ਵਿੱਚ ਹਿੱਸਾ ਲਿਆ ਗਿਆ। ਸਮਾਗਮ ਦੌਰਾਨ ਸਕੂਲ ਦੇ ਵਿਦਿਆਰਥੀ ਪ੍ਰਭਜੋਤ ਸਿੰਘ ਨੇ ਪੰਜਾਬ ਵਿਧਾਨ ਸਭਾ ਵੱਲੋਂ ਚਲਾਏ ਗਏ ਕਾਰਜਕਰਮ ਵਿੱਚ ਭਾਗ ਲਿਆ ਤੇ ਆਪਣੀ ਸ਼ਾਨਦਾਰ ਪ੍ਰਸਤੁਤੀ ਨਾਲ ਸਾਰਿਆਂ ਦਾ ਮਨ ਮੋਹ ਲਿਆ। ਉਸਨੇ ਨੌਜਵਾਨ ਪੀੜ੍ਹੀ ਨੂੰ ਸੰਵਿਧਾਨ ਦੇ ਮੂਲਭੂਤ ਅਧਿਕਾਰਾਂ, ਕਰਤਵਿਆਂ ਅਤੇ ਲੋਕਤੰਤਰਕ ਮੁੱਲਾਂ ਬਾਰੇ ਪ੍ਰੇਰਕ ਜਾਗਰੂਕਤਾ ਸੰਦੇਸ਼ ਦਿੱਤਾ। ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਪ੍ਰਭਜੋਤ ਸਿੰਘ ਦੀ ਪ੍ਰਸਤੁਤੀ ਦੀ ਸਿਰਾਹਣਾ ਕੀਤੀ ਅਤੇ ਉਸਨੂੰ ਭਵਿੱਖ ਵਿੱਚ



ਵੀ ਇਸੇ ਤਰ੍ਹਾਂ ਦੇਸ਼ ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਿਤ ਕੀਤਾ। ਗੌਰਤਲਬ ਹੈ ਕਿ ਸਿੱਖਿਆ ਵਿਭਾਗ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਜਿਲ੍ਹੇ ਦੇ ਹਰ ਇੱਕ ਬਲਾਕ ਵਿੱਚੋਂ ਇੱਕ ਵਿਦਿਆਰਥੀ ਦੀ ਚੋਣ ਕਰਨ ਲਈ ਇੱਕ ਬਲਾਕ ਪੱਧਰੀ ਮੁਕਾ-



ਬਲੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚੋਂ ਪ੍ਰਭਜੋਤ ਸਿੰਘ ਨੇ ਲੰਬੀ ਬਲਾਕ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਸ ਕਾਰਣ ਪ੍ਰਭਜੋਤ ਸਿੰਘ ਦੀ ਚੋਣ ਵਿਧਾਨ ਸਭਾ ਵਿੱਚ ਭਾਗ ਲੈਣ ਲਈ ਹੋਈ। ਸਕੂਲ ਪ੍ਰਿੰਸੀਪਲ ਮੈਡਮ ਰੇਨੂ ਬਾਲਾ ਅਤੇ ਅਧਿਆਪਕਾਂ ਨੇ ਵੀ ਵਿਦਿਆਰਥੀ ਦੀ ਇਸ ਪ੍ਰਾਪਤੀ ‘ਤੇ ਖ਼ੁਸ਼ੀ ਜ਼ਾਹਰ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਬੱਚਿਆਂ ਵਿੱਚ ਨੇਤ੍ਰਿਤਵ, ਆਤਮ-ਵਿਸ਼ਵਾਸ ਅਤੇ ਲੋਕਤੰਤਰਕ ਮੁੱਲਾਂ ਦੇ ਵਿਕਾਸ ਵਿੱਚ ਮਦਦਗਾਰ ਹੁੰਦੇ ਹਨ।

# ਅਜੇ ਮੰਗਪੁਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ ਮਿਲੀ ਮਜ਼ਬੂਤੀ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਕਾਂਗਰਸ ਪਾਰਟੀ ਦੀਆਂ ਜੜਾਂ ਹੋ ਰਹੀਆਂ ਹੋਰ ਵੀ ਮਜ਼ਬੂਤ ਇਹੋ ਕਹਿਣਾਂ ਹੈ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦਾ। ਬੀਤੇ ਦਿਨੀ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮਹਿਲਾ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀਮਤੀ ਪੁਸ਼ਪਾ ਦੇਵੀ ਜੀ ਆਪਣੇ ਸਾਥੀਆਂ ਸਮੇਤ ਅਜੇ ਮੰਗਪੁਰ ਦੀ ਅਗਵਾਈ ਹੇਠ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਛੱਡ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਜ਼ਿਲ੍ਹਾ ਪ੍ਰਧਾਨ ਅਜੇ ਮੰਗਪੁਰ ਨੇ ਲੋਕਾਂ ਨੂੰ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਣੂ ਕਰਵਾਇਆ। ਪੁਸ਼ਪਾ ਜੇਵੀ ਸਮੇਤ ਸੈਂਕੜੇ ਪਰਿਵਾਰਾਂ ਨੇ ਕਾਂਗਰਸ ਪਾਰਟੀ ਉੱਤੇ ਵਿਸ਼ਵਾਸ ਜਤਾਉਂਦੇ ਹੋਏ ਕਾਂਗਰਸ ਪਾਰਟੀ ਦਾ ਪੱਲਾ ਫੜਿਆ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਕਾਂਗਰਸ ਪਾਰਟੀ ਉਨ੍ਹਾਂ ਲਈ ਹਰ ਸਮੇਂ ਹਾਜ਼ਰ ਰਹੇਗੀ। ਇਸ ਮੌਕੇ ਪੁਸ਼ਪਾ ਦੇਵੀ, ਬਲਵੀਰ ਕੋਰ ਮਜਾਰੀ, ਜਸਵਿੰਦਰ ਕੌਰ ਮਜਾਰੀ, ਬਲਵੀਰ ਕੋਰ ਸਜਾਵਲਪੁਰ, ਸੀਮਾ ਰਾਣੀ ਕਰਾਵਰ ਆਦਿ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਮੌਕੇ ਤੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਬਿੰਦੂ ਭੂੰਬਲਾ ਸਾਬਕਾ ਮੀਤ ਪ੍ਰਧਾਨ ਯੂਥ ਗੜ੍ਹਸ਼ੰਕਰ, ਦਵਿੰਦਰ ਸਿੰਘ ਸਟੇਟ ਸੈਕਟਰੀ ਐਸ.ਸੀ. ਵਿੰਗ, ਬਲਵਿੰਦਰ ਸਿੰਘ ਕੋਆਰਡੀਨੇਟਰ, ਮੰਗਤ ਰਾਮ, ਸੁਨੀਤਾ ਭੌਰਾ ਆਦਿ ਹਾਜ਼ਰ ਸਨ।

# ਸਕੂਲੀ ਬੱਚਿਆਂ ਨਾਲ ਕਲੱਬ ਵੱਲੋਂ ਨਸ਼ਿਆਂ ਵਿਰੁੱਧ ਰੈਲੀ ਕੱਢੀ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹੈਪੀ ਮਾਡਲ ਹਾਈ ਸਕੂਲ ਬੀ.ਆਰ.ਐੱਸ, ਨਗਰ ਦੇ ਬੱਚਿਆਂ ਨਾਲ ਇਨਰ ਵ੍ਹੀਲ ਕਲੱਬ ਦੇ ਮੈਂਬਰਾਂ ਨੇ ਨਸ਼ਿਆਂ ਵਿਰੁੱਧ ਇੱਕ ਰੈਲੀ ਕੱਢੀ । ਰੈਲੀ ਵਿੱਚ ਬੱਚਿਆਂ ਵੱਲੋਂ ਹੀ ਨਸ਼ਿਆਂ ਵਿਰੁੱਧ ਬਣਾਏ ਨਾਹਰਿਆਂ ਦੀਆਂ ਤਖਤੀਆਂ ਫੜੀਆਂ ਸਨ। ਇਸ ਮੌਕੇ ਡਾਕਟਰ ਰਮਨਦੀਪ ਕਪੂਰ ਨੇ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਦੂਰਗਾਮੀ ਪ੍ਰਭਾਵਾਂ ਬਾਰੇ ਸੁਚੇਤ ਕੀਤਾ । ਇਸ ਮੌਕੇ ਕਲੱਬ ਵੱਲੋਂ ਸੁਲੇਖਾ ਸਚਦੇਵਾ , ਸਲੋਨੀ ਛਾਬੜਾ, ਟੀਨਾ ਗੁਪਤਾ ਪ੍ਰਮੁੱਖ ਤੌਰ ਤੇ ਹਾਜ਼ਰ ਹੋਏ ।

## ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਹਸਨਪੁਰ, ਲੁਧਿਆਣਾ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਛੱਤਬੀੜ ਦੇ ਵਿੱਦਿਅਕ ਟੂਰ ਦੌਰਾਨ ਗੁਰੂਦਵਾਰਾ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ



# ਬਲਾਕ ਲੰਬੀ ਦਾ ਟੀਚਰ ਫੈਸਟ 2025-26 ਸਫਲਤਾਪੂਰਵਕ ਸੰਪੰਨ




**ਸ੍ਰੀ ਮੁਕਤਸਰ ਸਾਹਿਬ।** ਬਲਾਕ ਲੰਬੀ ਵੱਲੋਂ ਅਧਿਆਪਕ ਮੇਲਾ 2025-26 ਦੇ ਤਹਿਤ ਟੀਚਰ ਫੈਸਟ ਬੜੀ ਸ਼ਾਨੋਂ-ਸ਼ੌਕਤ ਨਾਲ 27 ਅਤੇ 28 ਨਵੰਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੰਡੀ ਕਿੱਲਿਆਂਵਾਲੀ ਵਿੱਚ ਆਯੋਜਿਤ ਕੀਤਾ ਗਿਆ। ਇਹ ਸਮਾਗਮ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਸੰਸਥਾ ਪੰਜਾਬ ਦੇ ਹੁਕਮਾਂ ਅਨੁਸਾਰ ਮਾਣਯੋਗ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਰਜਿੰਦਰ ਕੁਮਾਰ ਸੋਨੀ ਅਤੇ ਡੀਆਰਸੀ ਸਰਦਾਰ ਗੁਰਮੇਲ ਸਿੰਘ ਸਾਗੂ ਦੀ ਰਹਿਮਨੁਮਾਈ ਹੇਠ ਬਲਾਕ ਨੋਡਲ ਅਫਸਰ ਸ੍ਰੀ ਓਨਮਦੀਪ ਸਿੰਘ ਦੀ ਅਗਵਾਈ ਵਿੱਚ ਕਰਵਾਇਆ ਗਿਆ। ਦੋ ਦਿਨਾਂ ਤੱਕ ਚੱਲੇ ਇਸ ਅਧਿਆਪਕ ਮੇਲੇ ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਵੱਖ-ਵੱਖ ਕੈਟੇਗਰੀਆਂ ਵਿੱਚ ਸ਼ਾਨਦਾਰ ਰਚਨਾਤਮਕਤਾ, ਨਵੀਨਤਮ ਅਧਿਆਪਨ ਤਕਨੀਕਾਂ ਅਤੇ ਸਿੱਖਿਆ ਸ਼ਾਸਤਰੀ ਮੁਹਾਰਤ ਦਾ ਪ੍ਰਦਰਸ਼ਨ ਕੀਤਾ। ਨਿਰਦੇਸ਼ਕ ਸਮੱਗਰੀ, ਸੂਖਮ-ਅਧਿਆਪਨ, ਅੰਤਰ-ਅਨੁਸ਼ਾਸਨੀ ਤਰੀਕਿਆਂ ਅਤੇ ਵਿਦਿਆਰਥੀ-ਕੇਂਦਰਤ ਰਚਨਾਤਮਕ ਗਤੀਵਿਧੀਆਂ ਨੇ ਸਮਾਗਮ ਦੀ ਖੂਬਸੂਰਤੀ ਵਿੱਚ ਵਾਧਾ ਕੀਤਾ। ਮੁਕਾਬਲੇ ਦੇ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਬ੍ਰਛ ਅਕਾਦਮਿਕ ਸਪੋਰਟ ਗਰੁੱਪ ਲੰਬੀ ਦੇ ਰਜਿੰਦਰ ਕੁਮਾਰ ਸੇਠੀ ਅਤੇ ਅਜੇ ਗਰੋਵਰ ਵੱਲੋਂ ਨਿਭਾਈ ਗਈ। ਜਜਮੈਂਟ ਪੈਨਲ ਵਿੱਚ ਕਮਲਪ੍ਰੀਤ ਕੌਰ (ਪ੍ਰਿੰਸੀਪਲ, ਮੰਡੀ ਕਿੱਲਿਆਂਵਾਲੀ), ਕੁਲਦੀਪ ਸਿੰਘ ਬਰਾੜ (ਇੰਗਲਿਸ਼ ਮਾਸਟਰ, ਪੰਜਾਵਾ), ਰੀਟਾ ਰਾਣੀ (ਲੈਕਚਰਾਰ ਇਕਨੋਮਿਕਸ, ਬਾਦਲ), ਅਮਨਦੀਪ ਕੌਰ (ਪੰਜਾਬੀ ਮਿਸਟ੍ਰੈਸ, ਕਿਲਿਆਂਵਾਲੀ), ਭਗਵਾਨ ਦਾਸ (ਡੀਪੀਈ, ਘੁਮਿਆਰਾ) ਅਤੇ ਹਰਪ੍ਰੀਤ ਕੌਰ (ਮੈਥ ਮਿਸਟ੍ਰੈਸ, ਵੜਿੰਗ ਖੇੜਾ) ਸ਼ਾਮਲ ਸਨ। ਰਿਫ੍ਰੈਸ਼ਮੈਂਟ ਡਿਊਟੀ ਅਮਨਦੀਪ ਕੌਰ ਮੈਥ ਮਿਸਟ੍ਰੈਸ ਸਸਸਸ ਮੰਡੀ ਕਿਲਿਆਂਵਾਲੀ ਵੱਲੋਂ ਨਿਭਾਈ ਗਈ, ਜਦੋਂ ਕਿ ਕੈਂਪਸ ਮੈਨੇਜਰ ਜਤਿੰਦਰ ਸ਼ਰਮਾ ਨੇ ਪ੍ਰਬੰਧ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੁਕਾਬਲੇ ਦੀ ਕੈਟਾਗਰੀ 01 ਵਿੱਚ ਪਹਿਲਾ ਸਥਾਨ ਰਾਜਵੀਰ ਕੌਰ ਸਸਸਸ (ਲੜਕੇ) ਅਬੁਲ ਖੁਰਾਣਾ, ਦੂਜਾ ਸਥਾਨ ਸਤਵੀਰ ਕੌਰ ਸਸਸਸ ਮੰਡੀ ਕਿੱਲਿਆਂਵਾਲੀ ਅਤੇ ਤੀਸਰਾ ਸਥਾਨ ਪ੍ਰਿੰਸ ਕੁਮਾਰ ਸਸਸਸ ਦਿਉਣ ਖੇੜਾ ਨੇ ਪ੍ਰਾਪਤ ਕੀਤਾ। ਕੈਟਾਗਰੀ 02 ਵਿੱਚ ਸੁਰਿੰਦਰ ਸਿੰਘ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੁੱਲੂ ਖੇੜਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕੈਟਾਗਰੀ 03 ਵਿੱਚ ਰੰਜਨਾ ਸਮਿਸ ਫਤੂਹੀਵਾਲਾ ਨੇ ਪਹਿਲਾ ਸਥਾਨ, ਪੂਨਮ ਰਾਣੀ ਸੋਈ ਲੰਬੀ ਨੇ ਦੂਸਰਾ ਸਥਾਨ ਅਤੇ ਅਮਨਦੀਪ ਕੌਰ ਸੋਈ ਲੰਬੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕੈਟਾਗਰੀ 04 ਵਿੱਚ ਸੁਖਵਿੰਦਰ ਸਿੰਘ ਸਮਿਸ ਖੇਮਾ ਖੇੜਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕੈਟਾਗਰੀ 05 ਵਿੱਚ ਮਨਪ੍ਰੀਤ ਸਿੰਘ ਸਮਿਸ ਮਾਹੂਆਣਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕੈਟਾਗਰੀ 06 ਵਿੱਚ ਪ੍ਰਨੀਤ ਕੌਰ ਸਸਸਸ ਮੰਡੀ ਕਿੱਲਿਆਂਵਾਲੀ ਨੇ ਪਹਿਲਾ ਸਥਾਨ, ਸਰੋਜ ਰਾਣੀ ਸਸਸਸ ਮਹਿਮੂਦ ਖੇੜਾ ਨੇ ਦੂਜਾ ਸਥਾਨ ਤੇ ਜਗਨੰਦਨ ਸਿੰਘ ਸਸਸਸ ਮੰਡੀ ਕਿਲਿਆਂਵਾਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੈਟਾਗਰੀ 07 ਵਿੱਚ ਦਿਨੇਸ਼ ਬਾਂਸਲ ਸਸਸਸ (ਲੜਕੇ) ਅਬੁਲਖਰਾਣਾ ਨੇ ਪਹਿਲਾ ਸਥਾਨ ਹਾਸਿਲ ਕੀਤਾ। ਕੈਟਾਗਰੀ 08 ਵਿੱਚ ਸੁਸ਼ਾਂਤ ਜਿੰਦਲ ਸਸਸਸ ਡੱਬਵਾਲੀ ਰੂੜਿਆਂਵਾਲੀ ਨੇ ਪਹਿਲਾ ਸਥਾਨ, ਅਨੂ ਰਾਣੀ ਸਸਸਸ ਮਹਿਮੂਦ ਖੇੜਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੈਟਾਗਰੀ ਨੌਂ ਵਿੱਚ ਪਵਨ ਕੁਮਾਰ ਸਹਸ ਪੰਜਾਵਾ ਨੇ ਪਹਿਲਾ ਸਥਾਨ, ਰੌਸ਼ਨੀ ਸੋਈ ਲੰਬੀ ਨੇ ਦੂਜਾ ਸਥਾਨ ਤੇ ਪ੍ਰੀਆ ਸ਼ਰਮਾ ਸਸਸਸ ਫਤੂਹੀ ਖੇੜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੈਟਾਗਰੀ 10 ਵਿੱਚ ਰੀਨਾ ਰਾਣੀ ਸਸਸਸ ਡੱਬਵਾਲੀ ਰੂੜਿਆਂ ਵਾਲੀ ਨੇ ਪਹਿਲਾ ਸਥਾਨ ਤੇ ਰੂਬਲ ਬਾਲਾ ਸਸਸਸ ਮੰਡੀ ਕਿਲਿਆਂ ਵਾਲੀਆਂ ਦੂਜਾ ਸਥਾਨ ਪ੍ਰਾਪਤ ਕੀਤਾ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

ਰੋਗ ਕਿਸੀ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇਸ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਬਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ... ਦਰਦ (Sciatica), ਬਦਹਜ਼ਮੀ (Indigestion), ... (Heart Burning) ਅਤੇ ... ਕਬਜ਼ੀ (Constipation), ਬਵਾਸੀਰ (Piles) ... (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ... ਮੋਟਾਪਾ (Obesity), ... ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ... (Alopecia), ... ਕਿੱਲ (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... ਖੂਨ ਦੀ ਕਮੀ (Anaemia), ... (Neuralgia), ਮਾਨਸਿਕ ਨਿਰਾਸ਼ਤਾ ਅਤੇ ਉਦਾਸੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ਸਰੀਰਕ ਸ਼ਕਤੀ: ANAEMIA, ... ਆਪ੍ਰੇਸ਼ਨ ਜਾਂ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਨਾਅ, ਥਕਾਣ, ... ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

| | | |
|---|---|---|
| 1) ਮਰਦਾਨਾ ਤਾਕਤ ਦਾ ... ਨੁਸਖਾ- | 1 ਮਹੀਨੇ ਦੀ ਕੀਮਤ | £35 |
| 2) ... ਨੁਸਖਾ- | 1 ਮਹੀਨੇ ਦੀ ਕੀਮਤ | £35 |
| 3) ... (HEALTHY SPERMS) ... | 1 ਮਹੀਨੇ ਦੀ ਕੀਮਤ | £40 |
| 4) ... | 1 ਮਹੀਨੇ ਦੀ ਕੀਮਤ | £35 |
| 5) ... | 1 ਮਹੀਨੇ ਦੀ ਕੀਮਤ | £35 |
| 6) ... | 1 ਮਹੀਨੇ ਦੀ ਕੀਮਤ | £30 |
| 7) ... ਨੁਸਖਾ- | 1 ਮਹੀਨੇ ਦੀ ਕੀਮਤ | £25 |
| 8) ... | 1 ਮਹੀਨੇ ਦੀ ਕੀਮਤ | £25 |

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE), ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਜ਼ਰੂਰਤ ਮੁਤਾਬਿਕ ਵਿਚ ਪੂਰੀ INFORMATION, ... (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... – ਇਕ ਮਹੀਨੇ ਦੀ ਕੀਮਤ — £69

ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... – £89

ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69

ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... – £69

ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69

ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) — £49

ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59

ਨੁਸਖਾ ਨੰਬਰ 8 (IN CAPSULES): ... – £59

ਨੁਸਖਾ ਨੰਬਰ 9 (IN CAPSULES) ... – £59

ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP — £59

ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89

ਨੁਸਖਾ ਨੰਬਰ 13 (IN VIALS): ... — £89

ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... — £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ABSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨੁਸਖਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਫ਼ਰਕ ਤੋਂ ਮੁਕੰਮਲ ... ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਇਹ ਵੱਖਰੀ ਕੌਮ ਵਾਲੀ ਗੱਲ ਕਿਥੋਂ ਆਈ?

ਜਦ ਲੋੜ ਪੈਣ ਤੇ ਹਰੇਕ ਹਿੰਦੂ ਮਾਂ ਨੇ ਆਪਣਾ ਵੱਡਾ ਮੁੰਡਾ ਸਿੱਖੀ ਲਈ ਦਿੱਤਾ ਸੀ , ਸਾਰੇ ਗੁਰੂ ਹਿੰਦੂ ਖਤ੍ਰੀ ਪਰਿਵਾਰਾਂ ਚ ਪੈਦਾ ਹੋਏ ਸਨ . ਜਦ ਦਸਮ ਪਿਤਾ ਨੇ ਪੰਜ ਸਿਰ ਮੰਗੇ ਸਨ ਉਦੋਂ ਵੀ ਪਰਵਾਸੀ ਹਿੰਦੂ ਅੱਗੇ ਆਏ ਸਨ . ਜਦ ਦਸਮ ਪਿਤਾ ਨੂੰ ਮਦਦ ਦੀ ਲੋੜ ਪਈ ਫੇਰ ਇਕ ਹਿੰਦੂ ਮਾਧੋ ਦਾਸ ਨੇ ਆਪਣੇ ਆਪ ਨੂੰ ਸਹਾਇਤਾ ਲਈ ਪੇਸ਼ ਕੀਤਾ ਅਤੇ ਛੋਟੇ ਸਾਹਿਬਜਾਦਿਆਂ ਦੀ ਮੌਤ ਦੇ ਬਦਲੇ ਲਏ. ਜਦ ਨੌਵੇ ਗੁਰੂ ਤੋਂ ਪਹਿਲਾਂ ਪੰਡਿਤ ਮਤਿ ਦਾਸ ਪੰਡਿਤ ਸਤਿ ਦਾਸ ਪੰਡਿਤ ਦਿਆਲਾ ਜੀ ਨੇ ਰੂਹ ਕਮਬਾਉ ਬਲੀਦਾਨ ਦਿੱਤਾ ਸੀ , ਜਦ ਇਕ ਹਿੰਦੂ ਮੋਤੀ ਰਾਮ ਮਹਿਰਾ ਨੇ ਦੋ ਗਲਾਸ ਦੁੱਧ ਦੇ ਬਦਲੇ ਆਪਣਾ ਸਾਰਾ ਵੰਸ਼ ਵਾਰ ਦਿਤਾ, ਉਸਦਾ ਪਰਿਵਾਰ ਕੋਹਲੂ ਵਿਚ ਪੀੜਿਆ ਗਿਆ ਸੀ , ਜਦ ਛੋਟੇ ਬੱਚਿਆਂ ਦੇ ਸੰਸਕਾਰ ਲਈ ਕੋਈ ਨੀ ਅੱਗੇ ਆਇਆ ਓਦੋਂ ਇਕ ਹਿੰਦੂ ਟੋਡਰ ਮੱਲ ਨੇ ਖੜੀਆ ਸੋਨੇ ਦੀਆਂ ਮੋਹਰਾ ਵਿਛਾ ਕੇ ਜਮੀਨ ਖਰੀਦੀ ਸੀ . ਬਾਅਦ ਚ ਮੁਗਲਾਂ ਦੁਆਰਾ ਉਸਨੂੰ ਵੀ ਪਰਿਵਾਰ ਸਮੇਤ ਸ਼ਹੀਦ ਕਰ ਦਿਤਾ ਗਿਆ , ਹੋਰ ਵੀ ਅਣਗਿਣਤ ਉਦਾਹਰਨਾਂ ਨੇ

ਵੀਰ ਜੀ ਤੁਸੀ ਇਨਾ ਨੂੰ ਵੱਖ ਨਹੀਂ ਕਰ ਸਕਦੇ। ਸਾਰੇ ਗੁਰੂ ਹਿੰਦੂ ਪਰਿਵਾਰਾਂ ਵਿਚ ਪੈਦਾ ਹੋਏ ਨੇ ਸਾਰਿਆਂ ਦੇ ਵਿਆਹ ਤੇ ਹੋਰ ਕਾਰਜ ਹਿੰਦੂ ਰੀਤੀ ਅਨੁਸਾਰ , ਦਸਮ ਪਾਤਸ਼ਾਹ ਜੀ ਨੇ ਫੌਜ ਤਿਆਰ ਕੀਤੀ ਖਾਲਸਾ ਫੇਰ ਸਿੰਘ ਲੱਗਿਆ ਉਨਾ ਪਿੱਛੇ ਵੀ ਨਹੀਂ ਤਾਂ ਸਾਰੇ ਸ਼ਹੀਦ ,ਮਤੀ ਦਾਸ ਸਤੀ ਦਾਸ , ਇਤਿਹਾਸ ਪੜ੍ਹ ਕੇ ਦੇਖੋ।

ਚੋਥੇ ਪਾਤਸ਼ਾਹ ਜੀ ਨੇ ਲਾਵਾਂ ਦਾ ਉਚਾਰਨ ਕੀਤਾ ਲੇਕਿਨ 5 ਵੇਂ ਤੋਂ 10ਵੇਂ ਪਾਤਸ਼ਾਹ ਤੱਕ ਵਿਆਹ ਹਿੰਦੂ ਰੀਤ ਮੁਤਾਬਕ ਹੋਏ,ਅਗਰ ਅਲਗ ਹੁੰਦੇ ਸਿੱਖ ਤਾ ਪੰਜਵੇਂ ਪਾਤਸ਼ਾਹ ਜੀ ਦੇ ਅਨੰਦ ਕਾਰਜ ਹੁੰਦੇ ਤੇ ਬਾਕੀ 6,7,9,10 ਵੇਂ ਗੁਰੂ ਸਾਹਿਬ ਦੇ ਵੀ ਅਨੰਦ ਕਾਰਜ ਹੁੰਦੇ ਸਭ ਦੇ ਵੇਦੀ ਦੇ ਫੇਰੇ ਹਨ। ਉਸਤੋਂ ਬਾਅਦ ਵੀ ਸਿੱਖਾਂ ਦੇ ਹਿੰਦੂ ਰੀਤੀ ਨਾਲ ਵਿਆਹ ਹੋਏ ਹਨ । ਇਹ ਤਾਂ ਬਾਬਾ ਰਾਮ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਲਾਵਾਂ ਤੇ ਫੇਰੇ ਬੇਦੀ ਦੇ ਸ਼ੁਰੂ ਕੀਤੇ ਸਵਾ ਰੁਪਏ ਵਿਚ ਜੋ ਅੱਜ ਵੀ ਹੁੰਦੇ ਨੇ। ਪੰਡਿਤ ਗਰੀਬ ਨਹੀਂ ਸਨ। ਇਹ ਕਿਸੇ ਦੇ ਧਾਰਮਿਕ ਆਜ਼ਾਦੀ ਤੇ ਜੁਲਮ ਦੀ ਦਾਸਤਾਨ ਸੀ।

ਕਦੇ ਦਿਮਾਗ ਨਾਲ ਸੋਚਣਾ ਵੀਰ ਕੋਈ ਧਰਮ ਕੋਈ ਮਜ਼੍ਹਬ ਕਿਸੇ ਤੇ ਜੁਲਮ ਨਹੀਂ ਕਰਦਾ ਸਿਰਫ ਜੁਲਮ ਕਰਦਾ ਏ ਤਾ ਸ਼ਾਸ਼ਕ, ਰਾਜਨੀਤੀ , ਬਾਦਲ ਤਾ ਸਿੱਖ ਸੀ ਕੀ ਕੁਝ ਨਹੀਂ ਕੀਤਾ ਉਸ ਨੇ। 84 ਵੀ ਓਨਾ ਦੀ ਹੀ ਦੇਣ ਸੀ ਸਿੱਖ ਪੰਥ ਦੇ ਤਿੰਨ ਪਾਖੰਡੀ ,ਬਾਦਲ,ਟੌਹੜਾ,ਤੇ ਤਲਵੰਡੀ.. ਲੀਰੋ ਲੀਰ ਕਰਾ ਦਿੱਤਾ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ, ਬੇਅਦਬੀਆਂ... ਭੁੱਲ ਗਏ ...

ਤੁਹਾਡੇ ਗਲੀ ਮੁਹੱਲੇ ਵਿਚ ਵੀ ਹਿੰਦੂ ਰਹਿੰਦੇ ਹਨ ਕਿੰਨੇ ਕੂ ਤੁਹਾਡੇ ਦੁਸ਼ਮਣ ਹਨ। ਤੁਸੀ ਸਿੱਖੀ ਦੀ ਸੋਚ ਉਸਦੇ ਫਲਸਫੇ ਨੂੰ ਗ਼ਲਤ ਪਾਸੇ ਲੇ ਗਏ ਹੋ।

ਜਦੋਂ ਮੁਸਲਮਾਨ ਸ਼ਾਸ਼ਕ ਸਨ ਤਾਂ ਉਨ੍ਹਾਂ ਜੁਲਮ ਕੀਤੇ ,ਸਾਰੇ ਮੁਸਲਮਾਨ ਤਾ ਮਾੜੇ ਨਹੀਂ ਜਦੋਂ ਹਿੰਦੂ+ਮੁਸਲਿਮ ਆਏ ਤਾ ਬੀਬੀ ਇੰਦਰਾ ਸਿੱਖਾਂ ਨਾਲ ਮਿਲਕੇ ਜੁਲਮ ਕੀਤੇ , ਹੁਣ ਸਿਰਫ ਹਿੰਦੂ ਨੇ ਸ਼ਾਸ਼ਕ ਤਾ ਉਹ ਜੁਲਮ ਕਰ ਰਹੇ ਨੇ ਜਦੋਂ ਸਿੱਖ ਸੀ ਬਾਦਲ, ਅਮਰਿੰਦਰ ਸਿੰਘ, ਗਿਆਨੀ ਜੈਲ ਸਿੰਘ ਸਾਰੇ ਸਿੱਖ ਸਨ ਫੇਰ ਦਸੋ ਕਿਸ ਨੇ ਕੀ ਕੀਤਾ ਸਿੱਖੀ ਲਈ। ਸਾਡੀ ਤਾ ਸਰਬ ਉੱਚ ਅਦਾਲਤ ਸਰਬ ਉੱਚ ਤਖ਼ਤ ਅਕਾਲ ਤਖ਼ਤ ਸਾਹਿਬ ਤੇ ਬਿਰਾਜਮਾਨ ਤੇ ਕਬਜਾ ਧਾਰੀ ਸਿੱਖ ਕੀ ਕਰਦੇ ਨੇ ਸਿੱਖੀ ਲਈ....

ਜੁਆਬ ਦੇਣਾ ਮੇਰੇ ਵੀਰ ਜੋ ਵੀ ਪੜੇ ਸਭ ਜੁਆਬ ਜਰੂਰ ਦਿਓ ਸੋਚ ਕੇ। ਸਮਝ ਕੇ ਦਲੀਲ ਨਾਲ ਹੁਣ ਖਾਲਿਸਤਾਨ ਸੋਚ ਆ ਗਈ ਜੱਟਾਂ ਦੇ ਹੱਥ ਜੱਟਾ ਬਾਹਰ ਬੈਠ ਹੁਣ ਰੌਲਾ ਪਾਉਣ ਜੋਗੇ ਨੇ ਕਰਨਾ ਇੰਨਾ ਵੀ ਕੁਝ ਨਹੀਂ ਸਾਡੇ ਪਿੰਡਾਂ ਦੇ ਸਾਉ ਪੁੱਤ ਮਰਵਾ ਦਿੰਦੇ ਨੇ। ਇਨਾ ਖਾਲਿਸਤਾਨ ਦੇ ਨਾਂ ਤੇ ਫੰਡ ਇਕੱਠਾ ਕਰਨ ਲਈ ਦੁਕਾਨਾਂ ਖੋਲ ਲੀਆ ਨੇ।

ਮੈਨੂੰ ਕੋਈ ਦੱਸ ਸਕਦਾ ਕੇ ਕੋਈ ੀ ਵੀਰ ਜਾ ਸੰਸਥਾ ਨੇ ਕਿਸੇ 84 ਦੇ ਦੰਗਾ ਪੀੜਤ ਨੂੰ ਉਨਾ ਦੇ ਕਿਸੇ ਬੱਚੇ ਨੂੰ ਬਾਹਰ ਲੇ ਕੇ ਗਿਆ ਜਾ ਉਸ ਫੰਡ ਵਿੱਚੋ ਉਨਾ ਦੇ ਵੀਜੇ ਤੇ ਪੈਸੇ ਲਾਏ ਨੇ। ਜੇ ਕਿਤੇ ਸਾਰਿਆ ਰਲ ਕੇ ਉਨਾ ਦਾ ਇੱਕ ਇੱਕ ਬੱਚਾ ਵੀ ਬਾਹਰ ਸੈੱਟ ਕੀਤਾ ਹੁੰਦਾ ਤਾਂ ਸਾਰਿਆਂ ਦੇ ਘਰ ਸੰਬਲੇ ਹੁੰਦੇ। 84 ਦੇ ਪਰਿਵਾਰ ਹੁਣ ਤਕ ਰੁਲਦੇ ਨੇ,

ਕੀ ਕੋਈ ਸਕੂਲ ਖੋਲਿਆ ੀ ਵੀਰਾਂ ਨੇ? ਜਿਥੇ ਗੁਰੂ ਬਾਣੀ ਦੀ ਸਿੱਖਿਆ ਗੁਰਮੁੱਖੀ ਪਹਿਲੀ ਭਾਸ਼ਾ ਹੋਵੇ। ਤੇ ਸਿੱਖੀ ਦਾ ਹਰ ਗਿਆਨ ਫਰੀ ਹੋਵੇ। ਸਾਡੇ ਇਕ ਯੂਨੀਵਰਸਿਟੀ ਹੈ ਗੁਰੂ ਗ੍ਰੰਥ ਸਾਹਿਬ ਓਥੇ ਦੀਆਂ ਫੀਸਾਂ ਦੇਖੋ ਜਾ ਕੇ।

ੀ ਓਹ ਤਾ ਸਾਰੇ ਖੁਦ ਇੰਗਲਿਸ਼ ਬੋਲਦੇ ਨੇ ਉਨ੍ਹਾਂ ਦੇ ਬੱਚੇ ਸਿੱਖ ਨਹੀਂ , ਸਭ ਸ਼ਰਾਬਾਂ ਪੀਂਦੇ ਮੀਟ ਖਾਂਦੇ ਨੇ। ਕੋਈ ਹੌਸਪੀਟਲ ਫਰੀ ਸ਼ੁਰੂ ਕੀਤਾ ਉਨ੍ਹਾਂ ਪੰਜਾਬ ਵਿੱਚ ਨਹੀਂ । ਲੰਗਰ ਜਰੂਰ ਭੇਜ ਦਿੰਦੇ ਨੇ ਕਈ , ਕੀ ਕੋਈ ਲੰਗਰ ਨਾਨਕ ਦੀ ਸਿੱਖਿਆ ਦਾ ਲਾਇਆ ਕਦੇ... ਨਹੀਂ ਕੋਈ ਕਿੱਤਾ ਮੁਖੀ ਕੋਰਸਾਂ ਦਾ ਠੀ ਕੋਈ ਸ਼ੁਰੂ ਕੀਤਾ ਕਿਸੇ ੀ ਸੰਸਥਾ ਨੇ... ਨਹੀਂ...

ਇਹ ਸਭ ਹਲਕੀ ਸੋਚ ਦੀ ਉਤਪਤੀ ਹੈ । ਕਿਸੇ ਇਕ ਨੇ ਸ਼ੈਤਾਨੀ ਕੀਤੀ ਖਾਲਿਸਤਾਨ ਦੀ ਤੇ ਦੇਖਿਆ ਦੂਜੇ ਨੇ ਕੇ ਵਧੀਆ ਹੁੰਗਾਰਾ ਮਿਲਿਆ ਉਸ ਨੇ ਵੀ ਸੰਸਥਾ ਬਣਾ ਲਈ ਫੰਡ ਇਕੱਠੇ ਕਰਨ ਲਈ।

ਵੀਰੋ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ ਦੇ ਫਲਸਫੇ ਨੂੰ ਅਪਣਾਓ ਨਹੀਂ ਤਾਂ ਇਸੇ ਤਰਾ ਹਰਾਸ ਹੁੰਦੇ ਰਹਿਣਾਂ...

ਅਸੀਂ ਹਿੰਦੂਆਂ ਤੋਂ ਵੱਖ ਨਹੀਂ ਹਾਂ ਅਸੀਂ ਪਨੀਰੀ ਹਿੰਦੂਆਂ ਦੀ ਤੋਂ ਤਿਆਰ ਹੁੰਦੇ ਹਾ। ਸਾਡੀਆਂ ਜੜਾਂ ਹਿੰਦੂਆਂ ਤੋਂ ਸ਼ੁਰੂ ਹੋ ਸਿੱਖੀ ਦਾ ਦਰਖਤ ਬਣਦਾ।

ਜਿਸ ਸਿੱਖੀ ਦੀ ਵੀਰ ਗੱਲ ਕਰਦੇ ਹਨ ਉਹ ਸਾਬਤ ਸੂਰਤ ਬਾਣੇ ਤੇ ਰਹਿਣੀ ਬਹਿਣੀ ਦੀ ਹੈ । ਕਿਸ ਕਿਸ ਸਿੱਖ ਕਹਾਉਣ ਵਾਲੇ ਦੇ ਘਰ ਓਹੇ ਜਿਹੀ ਸਿੱਖੀ ਹੈ ।ਜਿਸ ਦੀ ਨੀਂਹ ਸਤਿ ਗੁਰੂ ਗੋਬਿੰਦ ਸਿੰਘ ਜੀ ਨੇ ਰੱਖੀ ਸੀ। ਕੰਮ ਸੇ ਕੰਮ ਇੱਕ ਤਾ ਗੁਰੂ ਦਾ ਪੂਰਾ ਸਿੱਖ ਹਰ ਘਰ ਵਿੱਚ ਹੋਣਾ ਚਾਹੀਦਾ ਸੀ। ਉਸਦੀ ਫੌਜ ਵਿੱਚ ਸਾਨੂੰ ਆਪਣਾ ਵੱਡਾ ਪੁੱਤਰ ਦੇਣਾ ਚਾਹੀਦਾ ਸੀ। ਨਹੀਂ ਦੇ ਸਕੇ। ਫੇਰ ਕਿਸ ਮੂੰਹ ਨਾਲ ਖਾਲਿਸਤਾਨ ਮੰਗਦੇ ਹਾਂ। ਪੁੱਤ ਤਾ ਕਿਸੇ ਦਾ ਵੀ ਸਾਬਤ ਸੂਰਤ ਨਹੀਂ ਹੈ। ਵਿਆਹ ਕਿਸੇ ਦੇ ਗੁਰੂ ਰੀਤੀ ਨਾਲ ਨਹੀਂ ਹੁੰਦਾ। ਅਨੰਦ ਕਾਰਜ ਦਾ ਸ਼ਬਦੀ ਅਰਥ ਵੀ ਸਾਨੂੰ ਪਤਾ ਨਹੀਂ । ਅਨੰਦ ਖੁਸ਼ੀ ਆਤਮਿਕ ਅਨੰਦ , ਅਸੀਂ ਕਿਵੇਂ ਲੈਂਦੇ ਹੈ ਦਸਣ ਦੀ ਲੋੜ ਹੈ?

ਜਿਸਦੇ ਕੇਸ ਕਤਲ ਹਨ ਉਸਦਾ ਅਨੰਦ ਕਾਰਜ ਹੋਣਾ ਹੀ ਨਹੀਂ ਚਾਹੀਦਾ। ਅਨੰਦ ਕਾਰਜ ਸਾਬਤ ਸੂਰਤ ਦੇ ਹੋਣ ਤੇ ਅੰਮ੍ਰਿਤ ਛਕਾ ਕੇ ਹੋਣ।

ਨਾਮਧਾਰੀ ਸਿੱਖਾਂ ਦੇ ਪਹਿਲੇ ਅਰਦਾਸ ਸੁਣੀ ਜਾਂਦੀ ਹੈ ਜੁਬਾਨੀ ਫੇਰ ਪਾਠ ਜੁਬਾਨੀ ਸੁਣਿਆ ਜਾਂਦਾ ਜੋੜੀ ਤੋਂ ਫੇਰ ਅੰਮ੍ਰਿਤ ਛਕਾਇਆ ਜਾਂਦਾ ਫੇਰ ਅਨੰਦ ਕਾਰਜ ਹੁੰਦੇ ਹਨ। ਇਸੇ ਲਈ ਤਲਾਕ ਨਹੀਂ ਹੁੰਦੇ ਕੋਈ ਮਾੜੀ ਕਿਸਮਤ ਵਾਲਾ ਹੋਵੇਗਾ ਜਿਸਦਾ ਤੋੜ ਵਿਛੋੜਾ ਹੋਇਆ ਹੋਵੇ। ਸਾਡੇ ਤਾ ਰੋਜ ਹੁੰਦੇ ਨੇ

ਮੈ ਖਾਲਿਸਤਾਨ ਦੇ ਖਿਲਾਫ ਨਹੀਂ ਹੱਕ ਵਿਚ ਹਾਂ। ਫੇਰ ਖਾਲਿਸਤਾਨ ਸਿਰਫ ਪੰਜਾਬ ਹੀ ਕਿਉ ਪੂਰਾ ਭਾਰਤ ਪੂਰੀ ਦੁਨੀਆ ਤੇ ਹੋਵੇ ਖਾਲਸਾ ਰਾਜ ਪਰ ਪਹਿਲਾ ਰੂਹਾਂ ਤਾਂ ਖਾਲਸ ਕਰ ਲਵੋ।

ਖਾਲਸਾ ਮੇਰੋ ਰੂਪ ਹੈ ਖਾਸ ,
ਖਾਲਸੇ ਮੇ ਹਉ ਕਰੂ ਨਿਵਾਸ..

ਕੋਈ ਇੱਕ ਖਾਲਸਾ ਜਿਸ ਦਾ ਨਾਮ ਲੈਕੇ ਦੱਸ ਸਕੀਏ ਹੈ ਕੋਈ,?

ਜਿਸ ਵਿਚ ਗੁਰੂ ਪਾਤਸ਼ਾਹ ਵਿਰਾਜਮਾਨ ਹੋਣ... ਸਾਨੂੰ ਸਤਿਗੁਰੂ ਦਾ ਅਹਿਸਾਸ ਕਰਾ ਸਕੇ।

ਨਹੀਂ ਨਾਂ ਫੇਰ ਚਲੋ ਛੱਡੋ ਤੁਸੀ ਮੈਨੂੰ 100 ਸਿੱਖ ਅਜਿਹਾ ਦੱਸ ਦਿਓ ਜਿਹੜਾ ਬੋਹਗਿਣਤੀ ਲੇ ਕੇ ਰਾਜਨੀਤੀ ਵਿੱਚ ਜਾ ਸਕੇ ਤੇ ਖਾਲਿਸਤਾਨ ਵਰਗਾ ਪੰਜਾਬ ਰਾਜ ਦੇ ਸਕੇ ਕੋਈ ਇੱਕ ਮੁੱਖ ਮੰਤਰੀ ਲਈ ਨਾਂ ਦੱਸੋ ਜੀ ਰਣਜੀਤ ਸਿੰਘ ਦੀ ਯਾਦ ਤਾਜਾ ਕਰਾ ਦੇਵੇ ...

ਕੋਈ ਬੰਦਾ ਸਿੰਘ ਬਹਾਦਰ ਦੀ ਤਰਾ ਇੱਟ ਨਾਲ ਇੱਟ ਖੜਕਾ ਦੇਵੇ,

ਕੋਈ ਨਲੂਏ ਜਿਹਾ ਸਰਦਾਰ ਔਰਤਾਂ ਦੀ ਇੱਜ਼ਤ ਮਾਵਾਂ ਬਣਾ ਕਰ ਸਕੇ।

ਜੋ ਜਤ ਸਤ ਦਾ ਪੂਰਾ ਤੇ ਸੂਰਾ ਹੋਵੇ ।

ਕੋਈ ਇੱਕ ਜੋ ਖਾਲਸ ਹੋਵੇ..

ਨਾਂ ਜ਼ਰੂਰ ਲਿਖਣਾ

ਜੇ ਕੋਈ ਇਸ ਰਸਤੇ ਤੇ ਚਲਣ ਦੀ ਕੋਸ਼ਿਸ਼ ਕਰਦਾ ਅਸੀਂ ਓਹਦਾ ਚੀਰਹਰਣ ਖੁਦ ਕਰਦੇ ਹਾਂ ਓਹਦੇ ਪੋਤੜੇ ਫੋਲਣ ਲੱਗ ਜਾਂਦੇ ਹਾਂ। ਉਸਦੀ ਕਿਰਦਾਰ ਖੁਸ਼ੀ ਅਸੀਂ ਖੁਦ ਸਿੱਖ ਹੀ ਕਰਦੇ ਹਾਂ। ਨਹੀਂ ਸੋਚਦੇ ਕਿ ਮਾਧੋ ਦਾਸ ਤੋਂ ਬੰਦਾ ਸਿੰਘ ਬਹਾਦਰ ਬਣਿਆ ਸੀ ਤਾ ਇਹ ਵੀ ਖਾਲਸ ਹੋ ਸਕਦੇ ਅੰਮ੍ਰਿਤ ਦੀ ਦਾਤ ਲੈਕੇ ਇਸਦੀ ਰੂਹ ਵੀ ਪਵਿੱਤਰ ਹੋ ਸਕਦੀ ਹੈ ਇਹ ਵੀ ਬੰਦਾ ਬਣ ਸਕਦਾ ਗੁਰੂ ਦਾ।

ਨਹੀਂ ਅੰਦਰੋ ਤਾ ਅਖੌਤੀ ਸਿੱਖ ਚਾਹੁੰਦੇ ਹੀ ਨਹੀਂ ਕੇ ਖਾਲਿਸਤਾਨ ਬਣੇ। ਜੇ ਬਣ ਗਿਆ ਤਾਂ ਉਨ੍ਹਾਂ ਦੀਆਂ ਦੁਕਾਨਾਂ ਤੇ ਫੰਡ ਇਕੱਠੇ ਕਰਨ ਦੇ ਸਿਸਟਮ ਬੰਦ ਹੋ ਜਾਣੇ ਨੇ।

ਨਾ ਤਾਂ ਡੂੰਘੀ ਸੋਚ ਵਾਲੇ ਸਿੱਖ ਭਾਰਤ ਵਿਚ ਨੇ ਨਾ ਹੀ ਬਾਹਰਲਿਆਂ ਦੇਸ਼ਾਂ ਵਿੱਚ... ਜਿਵੇਂ ਭਾਰਤ ਵਿਚ ਕੁਝ ਆਗੂ ਗੁਰੂ ਘਰਾਂ ਦੇ ਚੌਧਰੀ ਆਪਣੇ ਘਰ ਭਰਦੇ ਨੇ ਇਵੇਂ ਹੀ ਬਾਹਰ ਹੈ। ਅਸੀ ਭਾਵਨਾਤਮਕ ਤੌਰ ਤੇ ਠੱਗੇ ਜਾਂਦੇ ਹਾਂ।

ਸਾਡੇ ਦਿਲ ਨਾਲ ਜਜ਼ਬਾਤਾ ਨਾਲ ਆਗੂ ਖੇਡਦੇ ਹਨ।

ਸੋ ਵੀਰੋ ਤੁਹਾਡੀ ਇਸ ਭੈਣ ਦੀ ਬੇਨਤੀ ਹੈ ਆਓ ਖਾਲਿਸਤਾਨ ਦੀ ਨੀਂਹ ਆਪਣੇ ਅੰਦਰ ਰੱਖੀਏ। ਆਪਣੀਆਂ ਰੂਹਾਂ ਖਾਲਸ ਕਰੀਏ। ਸਤਿਗੁਰੂ ਗੋਬਿੰਦ ਸਿੰਘ ਦੇ ਖਾਲਸੇ ਨਹੀਂ ਬਣ ਸਕਦੇ ਤਾਂ ਨਾਨਕ ਦੇ ਦੁਲਾਰੇ ਤੇ ਪਿਆਰੇ ਹੋ ਰੂਹਾਂ ਨੂੰ ਖਾਲਸ ਕਰੀਏ। ਚੋਰੀਆਂ ਯਾਰੀਆਂ, ਠੱਗੀਆਂ, ਪਾਪ ਬੰਦ ਕਰੀਏ ਯਾਦ ਰੱਖੀਏ, ਮਾਨਸ ਜਨਮ ਦੁਰਲੱਭ ਹੈ ਹੋਤ ਨਾ ਬਾਰਮਬਾਰ , ਸੋ ਇਸ ਜਨਮ ਦਾ ਫਾਇਦਾ ਚੁਕਦੇ ਹੋਏ ਇਹ ਜਨਮ ਸਫਲਾ ਕਰੀਏ ਖਾਲਸ ਹੋਈਏ। ਜਦੋਂ ਅਸੀਂ ਖਾਲਸ ਹੋ ਗਏ ਤਾਂ ਖਾਲਿਸਤਾਨ ਦੀ ਲੋੜ ਨਹੀਂ ਰਹਿਣੀ।

ਆਓ ਇੰਨੇ ਕੁ ਖਾਲਸ ਹੋਈਏ ਕੇ ਹਿੰਦੂਆਂ ਦੀ ਪਨੀਰੀ ਫੇਰ ਸਿੱਖ ਬਣਨ ਲੱਗੇ ਹਰ ਹਿੰਦੂ ਘਰ ਪਹਿਲਾ ਪੁੱਤ ਗੁਰੂ ਘਰ ਨੂੰ ਦੇਵੇ ,ਖਾਲਸਾ ਸਜਾਵੇ ।

ਆਪਣੇ ਘਰਾਂ ਚੋਂ ਸਫਾਈ ਸ਼ੁਰੂ ਕਰੀਏ। ਸਿੱਖੀ ਰੌਲਾ ਪਾਉਣ ਦਾ ਨਾਂ ਨਹੀਂ, ਕਰ ਗੁਜ਼ਰਨ ਦਾ ਨਾ ਹੈ। ਗੁਰੂ ਗੋਬਿੰਦ ਸਿੰਘ ਦੇ ਸਿੱਖੋ ਨਾਨਕ ਦੇ ਸਿੱਖਾਂ ਤੋਂ ਮੂੰਹ ਨਾ ਵੱਟੋ ਇੰਨਾ ਵਿੱਚੋ ਹੀ ਭਰਤੀ ਹੋਣੀ ਹੈ ਜਦੋਂ ਭੀੜ ਪਈ। ਕੰਮ ਸੇ ਕੰਮ ਇਹ ਭੇਖੀ ਸਿੱਖ ਨਹੀਂ ਹਨ। ਜੋ ਹਰ ਰੋਜ ਸਾਡੇ ਦਰਬਾਰ ਸਾਹਿਬ ਗੁਰੂ ਧਾਮਾਂ ਤੇ ਜਾ ਕੇ ਮੱਥੇ ਟੇਕਦੇ ਤੇ ਚੜਾਵੇ ਚੜਾਉਂਦੇ ਹਨ। ਗੁਰੂ ਘਰਾਂ ਵਿਚ ਚੱੜਦੇ ਚੜ੍ਹਾਵੇ ਅੱਧੇ ਤੋਂ ਵੱਧ ਹਿੰਦੂ ਲੋਕਾਂ ਦੀ ਕਿਰਤ ਕਮਾਈ ਚੋ ਆਉਂਦੇ ਹਨ। ਹਿੰਦੂਆਂ ਨੇ ਜਦੋਂ ਸਾਡੇ ਗੁਰੂ ਤੇ ਭੀੜ ਪਈ ਤਾਂ ਸਾਥ ਦਿੱਤਾ ਉਦੋਂ ਸਾਡੀ ਜੱਟ ਕੌਮ ਕਿੱਥੇ ਸੀ ਜਦੋਂ ਨਿੱਕੇ ਨਿੱਕੇ ਲਾਲ ਵਿਛੜੇ ਕਿਸੇ ਸਿੱਖ ਨੇ ਆਪਣੇ ਘਰ ਪਨਾਹ ਨਾ ਦਿੱਤੀ ਕਿੱਥੇ ਸੀ ਸਿੱਖ ਉਦੋਂ।ਜਦੋਂ ਸਾਡਾ ਸਤਿਗੁਰੂ ਹਿੰਦੂ ਮੁਸਲਮਾਨਾਂ ਉੱਚ ਦਾ ਪੀਰ ਬਣਾਇਆ ਕਿੱਥੇ ਸਨ ਜੱਟ ਸਿੱਖ । ਵਾਹਿਗੁਰੂ ਵਾਹਿਗੁਰੂ ਵਾਹਿਗੁਰੂ....

ਹੁਣ ਮੈਨੂੰ ਗਾਹਲਾਂ ਨਾ ਕੱਢਣਾ ਤੁਹਾਨੂੰ ਸੁੱਤਿਆਂ ਨੂੰ ਜਗਾ ਰਹੀ ਹਾਂ ਉੱਠੋ ਓ ਅਣਖਾਂ ਵਾਲਿਓ... ਜਮੀਰਾਂ ਨੂੰ ਜਗਾਓ ਹੋਸ਼ ਵਿਚ ਆਓ।

ਸਾਡੀ ਸਰਬ ਉੱਚ ਅਦਾਲਤ ਅਕਾਲ ਤਖ਼ਤ ਤੋਂ ਕਦੇ ਖਾਲਿਸਤਾਨ ਬਾਰੇ ਬਿਆਨ ਕਿਓ ਨਹੀਂ ਆਉਂਦਾ, ਜਦੋਂ ਓਹ ਇਸਦੇ ਹੱਕ ਵਿਚ ਨਹੀਂ ਤਾਂ ਖਾਲਿਸਤਾਨ ਬਣਾ ਹੀ ਨਹੀਂ ਸਕਦੇ।

ਕੋਸ਼ਿਸ਼ ਕਰੋ ਆਪਣੀ ਵੋਟ ਦੀ ਸਹੀ ਵਰਤੋਂ ਕਰਕੇ ਚੰਗੇ ਕਿਰਦਾਰਾਂ ਵਾਲੇ ਨੌਜਵਾਨ ਚੁਣੀਏ ਤੇ ਖਾਲਸ ਰਾਜ ਨੇਤਾ ਅੱਗੇ ਲੇ ਕੇ ਆਈਏ। ਮਸਲਾ ਸਾਡਾ ਕੋਈ ਵੀ ਹੋਵੇ ਮੰਗ ਸਾਡੀ ਕੋਈ ਵੀ ਹੋਵੇ, ਗੁਰੂਨਾਨਕ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਾਲੇ ਝੰਡੇ ਲਾਓ ਜੈਕਾਰੇ ਛੱਡੋ ...ਜੋ ਬੋਲੇ ਸੋ ਨਿਹਾਲ ਦੇ...

ਖਾਲਿਸਤਾਨ ਜਿੰਦਾਬਾਦ ਦੇ ਨਹੀਂ।

ਇਹ ਹੱਕ ਨਹੀਂ ਹੈ ਸਾਨੂੰ ਕਿਉਕਿ ਅਸੀ ਖਾਲਸ ਨਹੀਂ ਹਾਂ। ਸਤਿਗੁਰੂ ਦਾ ਆਸਰਾ ਓਟ ਲੈਕੇ ਚੱਲੋ। ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਚਲੋ ਪਰ ਅਨਪੜਾਂ ਵਾਂਗੂੰ ਸਾਨੂੰ ਖਾਲਿਸਤਾਨ ਚਾਹੀਦਾ ਸਾਨੂੰ ਖਾਲਿਸਤਾਨ ਚਾਹੀਦਾ ਕਹਿ ਕਹਿ ਕੇ ਰੌਲਾ ਨਾ ਪਾਓ ਇਹ ਕੋਈ ਖਾਣ ਵਾਲੀ ਚੀਜ ਨਹੀਂ ਕੇ ਕੋਈ ਸਾਨੂੰ ਦੇ ਜਾਵੇ ਪਲੇਟ ਵਿਚ ਰੱਖ ਕੇ ਅਸੀਂ ਖ਼ੁਦ ਪੈਦਾ ਕਰਨਾ ਖਾਲਿਸਤਾਨ ਆਪਣੇ ਅੰਦਰ ਆਪਣੀਆਂ ਰੂਹਾਂ ਖਾਲਸ ਕਰ ਕੇ। ਤਿਆਰ ਕਰੋ ਪਹਿਲਾ ਪੁੱਤ ਖਾਲਸਾ ਸਜਾਉਣ ਲਈ ਅਸੀਂ ਤਾਂ ਪੁੱਤ ਭਗੌੜੇ ਕਰ ਲਏ ਨੇ। ਕਾਸ਼! ਜੇ ਗੁਰੂ ਗੋਬਿੰਦ ਸਿੰਘ ਆਪਣੇ ਲਾਲ ਭਗੌੜੇ ਕਰ ਦਿੰਦੇ ਫੇਰ ਕੀ ਹੁੰਦਾ ਜਿਹੜੇ ਅੱਜ ਸਿੱਖ ਅਖਵਾਉਂਦੇ ਨੇ ਸਿੱਖੀ ਦਾ ਰੋਲਾ ਪਾਉਂਦੇ ਨੇ ਓਹ ਵੀ ਮੁਸਲਮਾਨ ਹੁੰਦੇ।

ਕਹਿਣ ਨੂੰ ਹਲੂਣੇ ਦੇਣ ਨੂੰ ਬਹੁਤ ਕੁਝ ਹੈ ਪਰ ਡਰ ਵੀ ਲਗਦਾ ਕੁਝ ਵੀਰਾਂ ਤੋਂ ਕਿਤੇ ਬੋਲਣ ਦੀ ਮਰਿਆਦਾ ਨਾ ਭੁੱਲ ਜਾਣ ਇਸ ਲਈ ਹੁਣ ਇਜ਼ਾਜ਼ਤ ਦਿਓ ਤੇ ਗੱਜ ਕੇ ਆਖੋ

ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਆਕਾਲ

ਗੁਰ ਫਤਹਿ ਵੀਰੋ ਤੇ ਭੈਣ

ਤੁਹਾਡੀ ਆਪਣੀ ਧੀ ਭੈਣ



ਡਾਕਟਰ ਬਲਬੀਰ ਕੌਰ ਰਾਏ

# ਉਠ ਜਾਗ ਪੰਜਾਬ ਸਿਆਂ, ਧਾੜਵੀ ਵਿੱਚ ਘਰਾਂ ਦੇ ਵੜ ਗਏ!

ਨਛੱਤਰ ਗਿੱਲ ਦਾ ਇਹ ਗੀਤ, ਉਠ ਜਾਗ ਪੰਜਾਬ ਸਿਆਂ ਧਾੜਵੀ ਆਣ ਘਰਾਂ ਵਿੱਚ ਵੜ ਗਏ। ਪੰਜਾਬ ਦੇ ਲੋਕਾਂ ਨੂੰ ਹਲੂਣਾ ਦੇਣ ਦੀ ਸਮਰੱਥ ਹੈ। ਕਿਉਂਕਿ ਹਾਕਮਾਂ ਨੇ ਪੰਜਾਬ ਦੇ ਲੋਕਾਂ ਨੂੰ ਧਰਨੇ ਲਗਾਉਂਦੇ ਰੱਖਣ ਲਈ ਕਦੇ ਕਿਤੇ ਕਦੇ ਕਿਤੇ ਮਸਲਾ ਖੜ੍ਹਾ ਕਰ ਲਿਆ ਜਾਂਦਾ ਹੈ। ਹੁਣ ਰੋਡਵੇਜ ਦਾ ਨਿੱਜੀਕਰਨ ਦਾ ਮਸਲਾ ਖੜ੍ਹਾ ਕਰ ਦਿੱਤਾ ਹੈ। ਅਜੇ ਤਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਦੇ ਅੰਦੋਲਨ ਦੀ ਜਿੱਤ ਦਾ ਚਾਅ ਮੱਠਾ ਨਹੀਂ ਸੀ ਹੋਇਆ, ਉਧਰ ਪੰਜਾਬ ਸਰਕਾਰ ਨੇ ਪੀਆਰਟੀਸੀ ਤੇ ਰੋਡਵੇਜ਼ ਦੇ ਮੁਲਾਜ਼ਮਾਂ ਦੇ ਉਪਰ ਹੱਲਾ ਬੋਲ ਦਿੱਤਾ ਹੈ। ਜਿਵੇਂ ਅੱਜ ਪੰਜਾਬ ਦੇ ਵੱਖ ਵੱਖ ਡੀਪੂਆਂ ਦੀਆਂ ਖ਼ਬਰਾਂ ਆ ਰਹੀਆਂ ਹਨ। ਉਹ ਬਹੁਤ ਹੀ ਸਵਾਲ ਖੜ੍ਹੇ ਕਰਦੀਆਂ ਹਨ। ਸੰਗਰੂਰ, ਪਟਿਆਲਾ, ਫਰੀਦਕੋਟ, ਲੁਧਿਆਣਾ ਤੇ ਹੋਰ ਥਾਵਾਂ ਉੱਪਰ ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਪੁਲਿਸ ਰਾਹੀਂ ਇਹਨਾਂ ਕਰਮਚਾਰੀਆਂ ਨੂੰ ਛੱਲੀਆਂ ਵਾਂਗ ਕੁੱਟਿਆ ਹੈ, ਉਹ ਬਹੁਤ ਹੀ ਚਿੰਤਾਜਨਕ ਹੈ। ਕੁੱਝ ਥਾਵਾਂ ਉੱਪਰ ਮੁਲ-ਜ਼ਮ ਪੈਟਰੋਲ ਦੀਆਂ ਬੋਤਲਾਂ ਨਾਲ ਲੈਸ ਕੇ ਬੱਸਾਂ ਤੇ ਪਾਣੀ ਦੀਆਂ ਟੈਂਕੀਆਂ ਉਪਰ ਚੜ੍ਹ ਗਏ ਹਨ। ਉਹਨਾਂ ਵਲੋਂ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਗਰੂਰ ਵਿੱਚ ਤਾਂ ਇੱਕ ਪੁਲਿਸ ਅਧਿਕਾਰੀ ਦੇ ਕੱਪੜਿਆਂ ਨੂੰ ਅੱਗ ਵੀ ਲੱਗੀ ਹੈ। ਜਿਸ ਤਰ੍ਹਾਂ ਪੁਲਿਸ ਨੇ ਇਹਨਾਂ ਧਰਨਾਕਾਰੀਆਂ ਨੂੰ ਕੁੱਟਿਆ, ਉਹਨਾਂ ਦੀਆਂ ਦਸਤਾਰਾਂ ਤੇ ਕੇਸਾਂ ਦੀ ਬੇਅਦਬੀ ਕੀਤੀ ਗਈ ਹੈ। ਉਹ ਬਹੁਤ ਹੀ ਨਿੰਦਣਯੋਗ ਹੈ। ਇਸ ਦਾ ਸ਼੍ਰੀ ਆਕਾਲ ਸਾਹਿਬ ਜੀ ਦੇ ਜੱਥੇਦਾਰ ਜੀ ਤੁਰੰਤ ਨੋਟਿਸ ਲੈਣਾ ਚਾਹੀਦਾ ਹੈ। ਸੰਗਰੂਰ ਵਿੱਚ ਤਾਂ ਪੁਲਿਸ ਨੇ ਤਾਕਤ ਦੇ ਨਸ਼ੇ ਵਿੱਚ ਪੱਤਰਕਾਰਾਂ ਨੂੰ ਵੀ ਨਹੀਂ ਬਖਸ਼ਿਆ। ਉਥੇ ਉਹਨਾਂ ਦੇ ਕੈਮਰਿਆਂ ਦੀ ਭੰਨ ਤੋੜ ਕੀਤੀ। ਉਹਨਾਂ ਨਾਲ ਪੁਲਿਸ ਨੇ ਧੱਕਾਮੁੱਕੀ ਵੀ ਕੀਤੀ। ਉਥੇ ਜਦੋਂ ਪੱਤਰਕਾਰਾਂ ਨੇ ਧਰਨਾ ਲਗਾਇਆ ਤਾਂ ਪੁਲਿਸ ਅਧਿਕਾਰੀ ਉਹਨਾਂ ਦੀਆਂ ਮਿੰਨਤਾਂ ਕਰਦੀ ਦੇਖੀ ਗਈ। ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਮੁਲਾਜ਼ਮਾਂ ਵੱਲੋਂ ਸਰਕਾਰ ਦੇ ਖ਼ਿਲਾਫ਼ ਕਿਲੋਮੀਟਰ ਸਕੀਮ ਅਧੀਨ ਖੁੱਲਣ ਵਾਲੇ ਟੈਂਡਰ ਰੱਦ ਕਰਨ ਲਈ ਇਹ ਧਰਨਾ ਲਗਾਉਣ ਦੀ ਕਾਲ ਦਿੱਤੀ ਗਈ ਸੀ। ਇਹ ਖ਼ਬਰਾਂ ਆਈਆਂ ਹਨ ਕਿ ਇਸ ਧਰਨੇ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਮੁਲਜ਼ਮ ਜੱਥੇਬੰਦੀਆਂ ਦੇ ਆਗੂਆਂ ਦੀ ਰਾਤ ਨੂੰ ਹੀ ਫੜੋ ਫੜੀ ਸ਼ੁਰੂ ਕਰ ਦਿੱਤੀ ਗਈ ਸੀ। ਜਿਹੜੇ ਕਰਮਚਾਰੀਆਂ ਵਲੋਂ ਡੀਪੂਆਂ ਵਿੱਚ ਸ਼ਾਂਤਮਈ ਧਰਨਾ ਲਗਾਇਆ ਹੋਇਆ ਸੀ, ਉਹਨਾਂ ਉਪਰ ਪੁਲਿਸ ਨੇ ਅੰਨ੍ਹਾ ਤਸ਼ੱਦਦ ਕੀਤਾ। ਪਟਿਆਲਾ ਵਿੱਚ ਤਾਂ ਦੋ ਦਰਜਨ ਤੋਂ ਵੱਧ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਸਾਰੇ ਹੀ ਡੀਪੂਆਂ ਵਿੱਚ ਪੁਲਿਸ ਨੇ ਧਰਨਾਕਾਰੀਆਂ ਨੂੰ ਧੱਕੇਸ਼ਾਹੀ ਨਾਲ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਹੈ। ਪੰਜਾਬ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਸੋਸ਼ਲ ਮੀਡੀਆ ਉਪਰ ਵੱਖ ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਨਿੰਦਾ ਕੀਤੀ ਜਾ ਰਹੀ ਹੈ। ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਮੁਲਾਜ਼ਮਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਲੋਮੀਟਰ ਸਕੀਮ ਤਹਿਤ ਦਿੱਲੀ ਦੇ ਧਾੜਵੀਆਂ ਨੂੰ ਰੋਡਵੇਜ਼ ਦੇਣਾ ਚਾਹੁੰਦੀ ਹੈ। ਜਿਸ ਨਾਲ ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਦਾ ਨਿੱਜੀਕਰਨ ਹੋ ਜਾਵੇਗਾ। ਉਹਨਾਂ ਇਹ ਵੀ ਦੱਸਿਆ ਕਿ ਪਿਛਲੇ ਚਾਰ ਸਾਲ ਵਿੱਚ ਪੰਜਾਬ ਸਰਕਾਰ ਨੇ ਇੱਕ ਵੀ ਨਵੀਂ ਬੱਸ ਨਹੀਂ ਪਾਈ। ਨਾ ਹੀ ਵਰਕਸ਼ਾਪਾਂ ਦੇ ਲਈ ਕੋਈ ਸਮਾਨ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵੱਲ 1300 ਕਰੋੜ ਰੁਪਏ ਬਕਾਇਆ ਰਾਸ਼ੀ ਖੜ੍ਹੀ ਹੈ। ਪੰਜਾਬ ਸਰਕਾਰ ਇਸ ਮੁਨਾਫ਼ੇ ਵਾਲੇ ਮਹਿਕਮੇ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਲਈ ਇਹ ਕਿਲੋਮੀਟਰ ਸਕੀਮ ਲਿਆ ਰਹੀ ਹੈ। ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਹਰ ਸਾਲ ਪੰਜ ਸੌ ਬੱਸ ਕੰਡਮ ਹੋ ਰਹੀ ਹੈ। ਦੂਜੇ ਪਾਸੇ ਕੋਈ ਨਵੀਂ ਬੱਸ ਨਹੀਂ ਆਉਂਦੀ। ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਦੇ ਕੱਚੇ, ਠੇਕੇ ਤੇ ਮੁਲਾਜ਼ਮਾਂ ਵੱਲੋਂ ਇਹਨਾਂ ਨੂੰ ਚਲਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਇਹ ਕਿਲੋਮੀਟਰ ਸਕੀਮ ਸ਼ੁਰੂ ਹੋ ਗਈ ਤਾਂ ਇਸ ਦਾ ਮਤਲਬ ਨਿੱਜੀਕਰਨ। ਜਿਵੇਂ ਪਹਿਲਾਂ ਪੰਜਾਬ ਸਰਕਾਰ ਨੇ ਬਿਜਲੀ ਬੋਰਡ ਦਾ ਭੋਗ ਪਾਇਆ ਹੈ, ਹੁਣ ਉਹ ਰੋਡਵੇਜ਼ ਦਾ ਨਿੱਜੀਕਰਨ ਕਰ ਰਹੀ ਹੈ। ਜਿਸਨੂੰ ਮੁਲਾਜ਼ਮਾਂ ਵੱਲੋਂ ਕਦੇ ਵੀ ਲਾਗੂ ਨਹੀਂ ਹੋਣ ਦੇਣਗੇ। ਮੁਲਾਜ਼ਮ ਜਥੇਬੰਦੀ ਦੇ ਆਗੂ ਨੇ ਦੱਸਿਆ ਕਿ ਸਾਡੇ ਮਹਿਕਮੇ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਨੌਜਵਾਨ ਨੌਕਰੀਆਂ ਕਰ ਰਹੇ ਹਨ। ਜਿਹਨਾਂ ਵਿੱਚ ਐਮ.ਫਿਲ, ਬੀਟੈਕ, ਐੱਮਟਿੱਕ ਹਨ। ਪੰਜਾਬ ਸਰਕਾਰ ਜਿਸ ਤਰ੍ਹਾਂ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੋਈ ਹੈ। ਉਹ ਕੇਂਦਰ ਸਰਕਾਰ ਨਾਲੋਂ ਵੀ ਤੇਜ਼ ਰਫ਼ਤਾਰ ਨਾਲ ਲੱਗੀ ਹੋਈ ਹੈ। ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿੱਚ ਸੈਨੇਟ ਦੇ ਮੈਂਬਰਾਂ ਦੀ ਗਿਣਤੀ ਘੱਟ ਕਰਨ ਤੇ ਸੈਨਟ ਚੋਣਾਂ ਨਾ ਕਰਵਾਉਣ ਦੀ ਸਕੀਮ ਜਿਸ ਤਰ੍ਹਾਂ ਵਿਦਿਆਰਥੀਆਂ ਨੇ ਪੰਜਾਬ ਦੇ ਲੋਕਾਂ ਨਾਲ ਰਲ ਕੇ ਕੇਂਦਰ ਸਰਕਾਰ ਦੀਆਂ ਗੋਡਣੀਆਂ ਲਵਾਈਆਂ ਹਨ। ਹੁਣ ਪੰਜਾਬ ਦੀਆਂ ਕਿਸਾਨ ਮਜ਼ਦੂਰ, ਮੁਲਾਜ਼ਮ, ਵਪਾਰ ਤੇ ਇੰਡਸਟਰੀ ਦੀਆਂ ਜਥੇਬੰਦੀਆਂ ਨੂੰ ਇੱਕਮੁੱਠ ਹੋ ਕੇ ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਮੁਲਾਜ਼ਮਾਂ ਦੇ ਨਾਲ ਹੋ ਰਹੇ ਧੱਕੇਸ਼ਾਹੀ ਵਿਰੁੱਧ ਸਾਂਝਾ ਸੰਘਰਸ਼ ਕਰਨਾ ਚਾਹੀਦਾ ਹੈ। ਕਿਉਂਕਿ ਮੌਜੂਦਾ ਸਰਕਾਰ ਜਿਸ ਤਰ੍ਹਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀ ਹੈ, ਇਸ ਨੂੰ ਲੋਕ ਏਕਤਾ ਨਾਲ ਹੀ ਠੱਲਿਆ ਦਾ ਸਕਦਾ ਹੈ। ਉਠ ਜਾਗ ਪੰਜਾਬ ਸਿਆਂ ਧਾੜਵੀ ਆਣ ਘਰਾਂ ਵਿੱਚ ਵੜ ਗਏ। ਪੰਜਾਬ ਦੇ ਲੋਕਾਂ ਨੇ ਬਦਲਾਅ ਦੇ ਭੁਲੇਖੇ ਧਾੜਵੀਆਂ ਨੂੰ ਘਰਾਂ ਵਿੱਚ ਬਹਾ ਲਿਆ ਹੈ। ਹੁਣ ਇਹਨਾਂ ਧਾੜਵੀਆਂ ਨੂੰ ਏਕਤਾ ਬਿਨਾਂ ਖੁਦੇੜਿਆ ਨਹੀਂ ਜਾ ਸਕਦਾ। ਪਹਿਲਾਂ ਸੁਣਿਆ ਕਰਦੇ ਸੀ ਕਿ ਪਿਸ਼ੌਰ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਤੇ ਹੁਣ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਵਾਲੀ ਗੱਲ ਹੋ ਗਈ ਹੈ। ਇਸ ਸਮੇਂ ਜਿਸ ਤਰ੍ਹਾਂ ਦੇ ਹਾਲਾਤ ਬਣਾਏ ਜਾ ਰਹੇ ਹਨ ਇਹ ਪੰਜਾਬ ਦੇ ਲੋਕਾਂ ਲਈ ਬਹੁਤ ਖ਼ਤਰਨਾਕ ਸਾਬਤ ਹੋਣਗੇ। ਧਾੜਵੀਆਂ ਨੇ ਪੰਜਾਬ ਨੂੰ ਧੁੱਖਦਾ ਰੱਖਣ ਲਈ ਕਦੇ ਕਿਤੇ ਕਦੇ ਕਿਤੇ ਅੱਗ ਲਾ ਕੇ, ਪੁਲਿਸ ਨੂੰ ਸਰਗਰਮ ਕਰ ਦਿੰਦੇ ਹਨ। ਹੁਣ ਸਾਰੀਆਂ ਸੁਚੇਤ ਤੇ ਅਗਾਂਹਵਧੂ ਜਥੇਬੰਦੀਆਂ ਨੂੰ ਇੱਕਮੁੱਠ ਹੋਣਾ ਚਾਹੀਦਾ ਹੈ, ਬਾਕੀ ਗੱਲਾਂ ਬਾਅਦ ਵਿੱਚ ਕਰ ਲਿਓ, ਹੁਣ ਗਿਲੇ ਸ਼ਿਕਵੇ ਸ਼ਿਕਾਇਤਾਂ ਛੱਡ ਕੇ ਧਾੜਵੀਆਂ ਦੀ ਮੰਜੀ ਠੋਕਣ ਦੀ ਲੋੜ ਹੈ। ਲੋਕ ਏਕਤਾ ਬਗ਼ੈਰ ਹੁਣ ਕੋਈ ਵੀ ਸੰਘਰਸ਼ ਲੜਨਾ ਔਖਾ ਹੈ। ਸੋ ਪੰਜਾਬੀਓ ਉਠੋ,ਜਾਗੋ ਤੇ ਇੱਕਮੁੱਠ ਹੋ ਕੇ ਆਪਣੇ ਸੰਘਰਸ਼ਮਈ ਜੀਵਨ ਨੂੰ ਅੱਗੇ ਵਧਾਉਣ ਦੀ ਲੋੜ ਹੈ।

ਜੈ ਜਨਤਾ, ਜੈ ਸੰਘਰਸ਼, ਜਿੱਤ ਲੋਕਾਂ ਦੀ!

--



**ਬੁੱਧ ਸਿੰਘ ਨੀਲੋਂ**
9464370823

# ਪੰਚਾਇਤ ਸੰਮਤੀ ਅਤੇ ਜਿਲ੍ਹਾਂ ਪ੍ਰੀਸ਼ਦ ਦੀ ਚੋਣ ਲਈ ਨਾਮਜਦਗੀਆਂ 1 ਦਸੰਬਰ ਤੋਂ 4 ਦਸੰਬਰ ਤੱਕ, 14 ਦਸੰਬਰ ਨੂੰ ਪੈਣਗੀਆਂ ਵੋਟਾਂ: ਐਸ.ਡੀ.ਐਮ ਕ੍ਰਿਤਿਕਾ ਗੋਇਲ

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ)** ਬਲਾਚੌਰ ਉਪ ਮੰਡਲ ਮੈਜਿਸਟਰੇਟ - ਕਮ-ਰਿਟਰਨਿੰਗ ਅਫਸਰ ਬਲਾਚੌਰ ਕ੍ਰਿਤਿਕਾ ਗੋਇਲ ਵਲੋਂ ਪੰਚਾਇਤ ਸੰਮਤੀ ਅਤੇ ਜਿਲ੍ਹਾਂ ਪ੍ਰੀਸ਼ਦ ਦੀ ਚੋਣ ਸਬੰਧੀ ਜਾਣਕਾਰੀ ਦਿੰਦੇ ਦੱਸਿਆਂ ਕਿ ਸਬ ਡਿਵੀਜ਼ਨ ਬਲਾਚੌਰ ਅਧੀਨ ਆਉਂਦੇ ਪੰਚਾਇਤ ਸੰਮਤੀ ਬਲਾਕ ਸੜੋਆ ਦੇ 15 ਜੋਨਾ ਅਤੇ ਪੰਚਾਇਤ ਸੰਮਤੀ ਬਲਾਕ ਬਲਾਚੌਰ 17 ਜੋਨਾ ਅਤੇ ਇਸੇ ਤਰ੍ਹਾਂ ਹੀ ਜਿਲ੍ਹਾਂ ਪ੍ਰੀਸ਼ਦ ਚੋਣ ਨੂੰ 3 ਜੋਨਾ ਵਿੱਚ ਵੰਡਿਆ ਗਿਆ ਹੈ ਲ ਜਿਸ ਲਈ ਨਾਮੀਨੇਸ਼ਨ ਅਤੇ ਕੌਂਸਲਿੰਗ ਦਾ ਸਥਾਨ ਬਾਬਾ ਬਲਰਾਜ ਕਾਲਜ ਭੱਦੀ ਰੋਡ ਬਲਾਚੌਰ ਨੂੰ ਸਥਾਪਿਤ ਕੀਤਾ ਗਿਆ ਹੈ। ਉਹਨਾਂ ਚੋਣ ਸ਼ਡਿਊਲ ਸਬੰਧੀ ਅੱਗੇ ਜਾਣਕਾਰੀ ਦਿੱਤੀ ਕਿ 1 ਦਸੰਬਰ ਤੋਂ 4 ਦਸੰਬਰ 2025 ਤੱਕ ਸਵੇਰੇ 11 ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ ਉਮੀਦਵਾਰ ਆਪਣੇ ਨਾਮਜ਼ਦਗੀ ਪੇਪਰ ਜਮਾਂ ਕਰਾ ਸਕਦੇ ਹਨ , 5 ਦਸੰਬਰ 2025 ਨੂੰ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ ਅਤੇ 6 ਦਸੰਬਰ 2025 ਨੂੰ ਜਿਹੜੇ ਉਮੀਦਵਾਰ ਆਪਣੇ ਨਾਮਜ਼ਦਗੀ ਇਹ ਵਾਪਸ ਲੈਣ ਦੀ ਇੱਛਾ ਰੱਖਦੇ ਹਨ ਉਹ ਵਾਪਸ ਲੈ ਸਕਣਗੇ , 14 ਦਸੰਬਰ 2025 ਸਵੇਰੇ ਠੀਕ 8 ਵਜੇ ਵੋਟਿੰਗ ਅਲੱਗ ਆਰੰਭ ਹੋਵੇਗੀ ਤੇ ਬਾਅਦ ਦੁਪਹਿਰ 4 ਵਜੇ ਤੱਕ ਵੋਟਿੰਗ ਦਾ ਸਮਾਂ ਸਮਾਪਤ ਹੋਵੇਗਾ , 17 ਦਸੰਬਰ 2025 ਨੂੰ ਗਿਣਤੀ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਜਾਵੇਗਾ ਲ ਇਸ ਮੌਕੇ ਉਹਨਾਂ ਨਾਮਜ਼ਦਗੀ ਸਬੰਧੀ ਫੀਸਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਜਨਰਲ ਵਰਗ ਲਈ 400 ਰੁਪਏ, ਐੱਸਸੀ-ਬੀਸੀ ਲਈ 200 ਰੁਪਏ ਅਤੇ ਪੰਚਾਇਤ ਸੰਮਤੀ ਜਨਰਲ ਵਰਗ ਲਈ:200 ਰੁਪਏ, ਐੱਸਸੀ-ਬੀਸੀ ਲਈ: 100 ਰੁਪਏ ਫੀਸ ਨਿਰਧਾਰਿਤ ਕੀਤੀ ਗਈ ਹੈ।



ਜਾਣਕਾਰੀ ਦਿੰਦੇ ਹੋਏ ਉਪ ਮੰਡਲ ਮੈਜਿਸਟਰੇਟ - ਕਮ - ਰਿਟਰਨਿੰਗ ਅਫਸਰ ਬਲਾਚੌਰ ਕ੍ਰਿਤਿਕਾ ਗੋਇਲ।

# ਬਾਬਾ ਅਤਰ ਸਿੰਘ ਅਕੈਡਮੀ ਭੋਜੋਵਾਲ ਦੇ ਬੱਚਿਆਂ ਨੇ ਦਸਤਾਰ ਮੁਕਾਬਲੇ ਵਿੱਚੋਂ ਹਾਸਿਲ ਕੀਤਾ ਪਹਿਲਾ ਸਥਾਨ

**ਸੰਦੀਪ ਸਿੰਘ ਬਖੋਪੀਰ (ਸਮਾਜ ਵੀਕਲੀ)**:ਬਾਬਾ ਅਤਰ ਸਿੰਘ ਅਕੈਡਮੀ ਪਿੰਡ ਭੋਜੋਵਾਲ ਦੇ ਪ੍ਰਿੰਸੀਪਲ ਮੈਡਮ ਦਾਲੀਮਾ ਜੀ ਵੱਲੋਂ ਜਾਣਕਾਰੀ ਦਿੰਦਿਆ ਦੱਸਿਆ ਗਿਆ ਕਿ ਬੀਤੇ ਦਿਨੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਵੀਂ ਸ਼ਹੀਦੀ ਸ਼ਤਾਬਦੀ ਨੂੰ ਮਨਾਉਂਦਿਆਂ ਗੁਰਦੁਆਰਾ ਮਹਿਲ ਮੁਬਾਰਕ ਸੰਗਰੂਰ ਵਿਖੇ ਸੀਨੀਅਰ ਅਤੇ ਜੂਨੀਅਰ ਵਰਗ ਵਿੱਚ ਬੱਚਿਆਂ ਦੇ ਕਵਿਸ਼ਰੀ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ, ਦਸਤਾਰ ਮੁਕਾਬਲੇ ਵਿੱਚੋਂ ਸਕੂਲ ਦੇ ਵਿਦਿਆਰਥੀ ਹਰਮਨਜੀਤ ਸਿੰਘ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ, ਸਕੂਲ ਪਹੁੰਚਣ ਤੇ ਸਕੂਲ ਮੈਨੇਜਮੈਂਟ ਵੱਲੋਂ, ਹਰਮਨਜੀਤ ਸਿੰਘ ਅਤੇ ਸਕੂਲ ਦੀਆਂ ਕਵਿਸ਼ਰੀ ਟੀਮ ਦੀਆਂ ਵਿਦਿਆਰਥਨਾ ਅਤੇ ਗੱਤਕਾ ਅਤੇ ਦਸਤਾਰ ਕੋਚ






ਕ੍ਰਿਸ਼ਨ ਸਿੰਘ ਕਾਕੜਾ, ਮੈਡਮ ਅਮਰਜੀਤ ਕੌਰ ਪੰਜਾਬੀ ਅਧਿਆਪਕ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਮੌਕੇ ਉੱਤੇ ਮੈਨੇਜਮੈਂਟ ਮੈਂਬਰ, ਬਾਬਾ ਹਾਕਮ ਸਿੰਘ ਜੀ, ਬਾਬਾ ਕਰਮਜੀਤ ਸਿੰਘ ਜੀ, ਮੈਡਮ ਗਗਨਦੀਪ ਕੌਰ ਜੀ, ਜਸਵੀਰ ਸਿੰਘ ਜੀ, ਅਤੇ ਡੀ.ਪੀ ਅਧਿਆਪਕ ਬੇਅੰਤ ਸਿੰਘ ਜੀ ਵਿਸ਼ੇਸ਼ ਤੌਰ ਤੇ ਮੌਜੂਦ ਸਨ॥

# ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ 'ਅੰਬਰ' ਸਿਰਲੇਖ ਹੇਠ ਸਲਾਨਾ ਸਮਾਰੋਹ ਅੱਜ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅੱਜ ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ 'ਅੰਬਰ' ਸਿਰਲੇਖ ਹੇਠ ਸਲਾਨਾ ਸਮਾਗਮ ਹੋਣ ਜਾ ਰਿਹਾ ਹੈ। ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਵਿਸ਼ੇਸ਼ ਤੌਰ ਤੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸਰਦਾਰ ਹਰਦੇਵ ਸਿੰਘ ਜੀ ਲਾਡੀ ਸ਼ੇਰੋਵਾਲੀਆ, ਐੱਮ ਐੱਲ ਏ ਸ਼ਾਹਕੋਟ ,ਸਰਦਾਰ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਹਲਕਾ ਇੰਚਾਰਜ ਸ਼ਾਹਕੋਟ ਆਮ ਆਦਮੀ ਪਾਰਟੀ, ਸ਼੍ਰੀ ਐੱਸ ਕੇ ਮਲਹੋ-ਤਰਾ,ਸੀਨੀਅਰ ਐਡਵੋਕੇਟ ਸਿਵਲ ਕੋਰਟ,ਨਕੋਦਰ ਅਤੇ ਸਰਦਾਰ ਓਂਕਾਰ ਸਿੰਘ ਬਰਾੜ , ਡੀ ਐੱਸ ਪੀ ਨਕੋਦਰ,ਗੈਸਟ ਆਫ਼ ਦੀ ਡੇਅ



ਵਜੋਂ ਸ਼ਿਰਕਤ ਕਰਨਗੇ। ਇਸਦੇ ਨਾਲ ਹੀ ਇਲਾਕੇ ਦੀਆਂ ਹੋਰ ਮਹਾਨ ਸਕਸ਼ੀਅਤਾਂ ਵੀ ਸ਼ਾਮਿਲ ਹੋਣਗੀਆਂ। ਬੱਚਿਆਂ ਦੇ ਮਾਤਾ ਪਿਤਾ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪ੍ਰਹੰਚਣਗੇ। ਉਨ੍ਹਾਂ ਇੱਥੇ ਇਹ ਵੀ ਜ਼ਿਕਰ ਕੀਤਾ ਕਿ ਇਸ ਮੌਕੇ ਬੱਚਿਆਂ ਵਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਅਤੇ ਸੈਸ਼ਨ 2024-2025 ਦੇ ਪੁਜੀਸ਼ਨ ਹੋਲਡਰ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ ਬੁਲੰਦ ਹੌਸਲਿਆਂ ਦੀ ਦਾਸਤਾਨ ਹੈ, ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਸੰਸਥਾ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਜਿਲਾ ਲੁਧਿਆਣਾ ਦੀ ਹਾਕੀ ਵਿੱਚ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦਾ ਵਡਮੁੱਲਾ ਰੋਲ ਹੈ। ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੀ ਸਥਾਪਨਾ 1978 ਵਿੱਚ ਹੋਈ। ਜਿਸਦੇ ਪਹਿਲੇ ਪ੍ਰਧਾਨ ਹਾਕੀ ਓਲੰਪੀਅਨ ,1975 ਵਿਸ਼ਵ ਕੱਪ ਹਾਕੀ ਦੇ ਜੇਤੂ ਹੀਰੋ ਸਰਜੀਤ ਸਿੰਘ ਰੰਧਾਵਾ ਸਨ। ਉਸ ਤੋਂ ਬਾਅਦ ਅੰਤਰਰਾਸ਼ਟਰੀ ਹਾਕੀ ਖਿਡਾਰੀ ਸੁਖਬੀਰ ਸਿੰਘ ਗਰੇਵਾਲ ਵੀ ਲੰਬਾ ਸਮਾਂ ਇਸ ਸੰਸਥਾ ਦੇ ਪ੍ਰਧਾਨ ਰਹੇ ਹਨ। ਉਸ ਤੋਂ ਬਾਅਦ ਇਹ ਸੰਸਥਾ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਇੱਕ ਨਵੇਂ ਰੂਪ ਵਿੱਚ ਹੋਂਦ ਵਿੱਚ ਆਈ । 1997 ਦਰੋਣਾਚਾਰੀਆਂ ਹਾਕੀ ਕੋਚ ਬਲਦੇਵ ਸਿੰਘ ਸ਼ਾਹਬਾਦ ਮਾਰਕੰਡਾ ਇਸ ਸੰਸਥਾ ਦੇ ਸਰਪਰਸਤ ਬਣੇ, ਜਦਕਿ ਅਵਤਾਰ ਸਿੰਘ ਮਲ੍ਹਾ ਰਾਜਨੀਤਕ ਆਗੂ ਇਸਦੇ ਪ੍ਰਧਾਨ ਬਣੇ । 1997 ਵਿੱਚ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਵੱਲੋਂ ਕਾਲਜ ਪੱਧਰ ਦਾ ਰਾਜਨ ਗੋਲਡ ਕੱਪ ਹਾਕੀ ਟੂਰਨਾਮੈਂਟ 7 ਤੋਂ 12 ਦਸੰਬਰ 1997 ਨੂੰ ਕਰਵਾਉਣ ਦਾ ਉਪਰਾਲਾ ਕੀਤਾ ਗਿਆ। ਇਸ ਟੂਰਨਾਮੈਂਟ ਨੂੰ ਖੇਡਣ ਲਈ ਪੰਜਾਬ ਦੇ ਵੱਖ-ਵੱਖ ਕਾਲਜਾਂ ਦੇ ਉੱਘੀਆਂ ਅੱਠ ਟੀਮਾਂ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਖੇਡਣ ਲਈ ਪੁੱਜੀਆਂ , ਪਰ ਓਸ ਵਕਤ ਭਾਰੀ ਬਰਸਾਤ ਹੋਣ ਕਾਰਨ ਇਹ ਟੂਰਨਾਮੈਂਟ ਸਿਰੇ ਨਾ ਚੜ ਸਕਿਆ, ਮਜਬੂਰਨ ਇਹ ਟੂਰਨਾਮੈਂਟ ਪੋਸਟਪੋਨ ਕਰਨਾ ਪਿਆ। ਉਸ ਤੋਂ ਬਾਅਦ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਨੇ ਹਾਕੀ ਦੀ ਬੇਹਤਰੀ ਪ੍ਰਤੀ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ । ਸਾਲ 2002 ਵਿੱਚ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦਾ ਮੁੜ ਪੁਨਰਗਠਨ ਹੋਇਆ। ਜਿਸ ਵਿੱਚ ਪੁਰਾਣੇ ਹਾਕੀ ਖਿਡਾਰੀ, ਉਸ ਵਕਤ ਦੇ ਡੀਐਸਪੀ ਅਮਰੀਕ ਸਿੰਘ ਮਿਨਹਾਸ ਨੂੰ ਇਸ ਸੰਸਥਾ ਦਾ ਪ੍ਰਧਾਨ ਬਣਾਇਆ ਗਿਆ । ਇਸ ਮੌਕੇ ਫੈਸਲਾ ਕੀਤਾ ਗਿਆ ਕਿ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਆਲ ਇੰਡੀਆ ਪੱਧਰ ਦ ਕੋਈ ਅਜਿਹਾ ਟੂਰਨਾਮੈਂਟ ਕਰਵਾਇਆ ਜਾਵੇ । ਜਿਸ ਨਾਲ ਲੁਧਿਆਣਾ ਹਾਕੀ ਦੀ ਪਹਿਚਾਣ ਵੀਂ ਕੌਮੀ ਪੱਧਰ ਤੇ ਜਾਵੇ ਅਤੇ ਦਸਮੇਸ਼ ਪਿਤਾ ਦਾ ਨਾਮ ਤੇ ਪੂਰੇ ਮੁਲਕ ਵਿੱਚ ਕੋਈ ਵੀ ਜੋ ਟੂਰਨਾਮੈਂਟ ਨਹੀਂ ਹੁੰਦਾ, ਉਸ ਨੂੰ ਵੀ ਕੌਮੀ ਪੱਧਰ ਤੇ ਕਰਵਾਇਆ ਜਾਵੇ ।

ਉਨ੍ਹਾਂ ਦੀ ਯਾਦ ਨੂੰ ਸਮਰਪਿਤ ਇਹ ਟੂਰਨਾਮੈਂਟ ਨੂੰ ਹਰ ਸਾਲ ਕਰਵਾਉਣ ਦਾ ਉਪਰਾਲਾ ਵਿਢਿਆ ਗਿਆ । ਸਾਲ 2002 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਕਾਲਜ ਪੱਧਰ ਦਾ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਕਾਲਜ ਪੱਧਰ ਦੀਆਂ 8 ਟੀਮਾਂ ਖੇਡੀਆਂ। ਫਿਰ ਅਗਲੇ ਸਾਲ 2003 ਵਿੱਚ ਆਲ ਇੰਡੀਆ ਪੱਧਰ ਤੇ ਅੰਤਰ- ਯੂਨੀਵਰਸਿਟੀ ਲੇਬਲ ਦਾ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਸਿਰਸਾ ਦੀ ਟੀਮ ਚੈਂਪੀਅਨ ਬਣੀ ਅਤੇ ਦਿੱਲੀ ਯੂਨੀਵਰਸਿਟੀ ਨੇ ਦੂਸਰਾ ਸਥਾਨ ਹਾਸਲ ਕੀਤਾ । ਉਸ ਤੋਂ ਬਾਅਦ ਸਾਲ 2006 ਵਿੱਚ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਹਾਕੀ ਟੂਰਨਾਮੈਂਟ ਨੂੰ ਸੀਨੀਅਰ ਪੱਧਰ ਤੇ ਕਰਵਾਉਣ ਦਾ ਫੈਸਲਾ ਕੀਤਾ ਗਿਆ । ਜਿਸ ਵਿੱਚ ਇਹ ਟੂਰਨਾਮੈਂਟ 12 ਤੋਂ 16 ਮਾਰਚ 2006 ਨੂੰ



ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ ਪੀ ਏ ਯੂ ਲੁਧਿਆਣਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਇੰਡੀਅਨ ਏਅਰਲਾਈਨ ਦੀ ਟੀਮ ਨੇ ਬੀਐਸਐਫ ਜਲੰਧਰ ਨੂੰ 5-1 ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ। ਉਸ ਵਕਤ ਦਾ ਹਾਕੀ ਸਟਾਰ ਧੰਨਰਾਜ ਪਿੱਲੇ " ਹੀਰੋ ਆਫ ਦਾ ਟੂਰਨਾਮੈਂਟ " ਬਣਿਆ। ਚੌਥਾ ਟੂਰਨਾਮੈਂਟ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ 18 ਤੋਂ 22 ਮਾਰਚ 2007 ਨੂੰ ਕਰਵਾਇਆ ਗਿਆ ।ਜਿਸ ਵਿੱਚ ਨਾਮਧਾਰੀ ਇਲੈਵਨ ਨੇ ਇੰਡੀਅਨ ਏਅਰਲਾਈਨਜ਼ ਦਿੱਲੀ ਨੂੰ 2-1 ਨਾਲ ਹਰਾਕੇ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਆਪਣੇ ਨਾਮ ਕੀਤਾ ਜਦਕਿ ਪੰਜਵਾਂ ਟੂਰਨਾਮੈਂਟ 15 ਤੋਂ 20 ਮਾਰਚ 2008 ਨੂੰ ਕਰਵਾਇਆ ਗਿਆ । ਇਸ ਟੂਰਨਾਮੈਂਟ ਵਿੱਚ ਇੰਡੀਅਨ ਆਇਲ ਕਾਰਪੋਰੇਸ਼ਨ ਨੇ ਇੰਡੀਅਨ ਏਅਰਲਾਈਨਜ਼ ਨੂੰ 4-3 ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ । ਇੰਡੀਅਨ ਏਅਰਲਾਈਨਜ਼ ਦੇ ਓਲੰਪੀਅਨ ਖਿਡਾਰੀ ਸੁਮੀਰ ਦਾਦ ਮੈਨ ਆਫ ਦਾ ਟੂਰਨਾਮੈਂਟ ਬਣੇ । ਛੇਵਾਂ ਆਲ ਇੰਡੀਆ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਹਾਕੀ ਟੂਰਨਾਮੈਂਟ 2 ਤੋਂ 8 ਫਰਵਰੀ 2010 ਨੂੰ ਕਰਵਾਇਆ ਗਿਆ । ਇਸ ਟੂਰਨਾਮੈਂਟ ਵਿਚ ਪਹਿਲੀ ਵਾਰ ਲੜਕੀਆਂ ਦੀਆਂ 4 ਹਾਕੀ ਟੀਮਾਂ ਨੂੰ ਵੀ ਸ਼ਾਮਿਲ ਕੀਤਾ ਗਿਆ । ਮੁੰਡਿਆਂ ਦੇ ਵਰਗ ਵਿੱਚ ਨਾਮਧਾਰੀ ਇਲੈਵਨ ਨੇ ਪੰਜਾਬ ਪੁਲਿਸ ਨੂੰ 2-1 ਨਾਲ ਹਰਾ ਕੇ ਚੈਂਪੀਅਨ ਜਿੱਤ ਹਾਸਿਲ ਕੀਤੀ। ਜਦਕਿ ਲੜਕੀਆਂ ਵਿੱਚ ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਨੇ ਸੈਂਟਰਲ ਰੇਲਵੇ ਮੁੰਬਈ ਨੂੰ ਹਰਾ ਕੇ ਚੈਂਪੀਅਨ ਜਿੱਤ ਆਪਣੇ ਨਾਮ ਕੀਤੀ। 2010 ਵਿੱਚ ਡਾਕਟਰ ਏ ਪੀ ਐਸ ਮਾਂਗਟ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੇ ਨਵੇਂ ਪ੍ਰਧਾਨ ਬਣੇ।ਸੱਤਵਾਂ ਆਲ ਇੰਡੀਆ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਹਾਕੀ ਟੂਰਨਾਮੈਂਟ 30 ਅਕਤੂਬਰ ਤੋਂ 4 ਨਵੰਬਰ 2010 ਨੂੰ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਭਾਰਤ ਪੈਟਰੋਲੀਅਮ ਨੇ ਇੰਡੀਅਨ ਆਇਲ ਨੂੰ 4-3 ਗੋਲਾਂ ਨਾਲ ਹਰਾਕੇ ਖਿਤਾਬੀ ਜਿੱਤ ਹਾਸਿਲ ਕੀਤੀ। ਓਲੰਪੀਅਨ ਦੀਪਕ ਠਾਕੁਰ ਹੀਰੋ ਆਫ ਦਾ ਟੂਰਨਾਮੈਂਟ ਬਣਿਆ। ਜਦ ਕਿ ਜੂਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਗਰੇਵਾਲ ਅਕੈਡਮੀ ਕਿਲ੍ਹਾ ਰਾਇਪੁਰ ਨੂੰ 8-3 ਗੋਲਾਂ ਨਾਲ ਹਰਾਇਆ । ਜਰਖੜ ਹਾਕੀ ਅਕੈਡਮੀ ਦਾ ਦਮਨਪ੍ਰੀਤ ਸਿੰਘ ਹੀਰੋ ਆਫ ਦਾ ਟੂਰਨਾਮੈਂਟ ਬਣਿਆ ਸੀ।ਜਦਕਿ ਅੱਠਵਾਂ ਟੂਰਨਾਮੈਂਟ 2012 ਨੰਵਬਰ ਮਹੀਨੇ ਵਿੱਚ ਕਰਵਾਇਆ ਗਿਆ। ਫਾਈਨਲ ਮੁਕਾਬਲੇ ਵਿੱਚ ਇੰਡੀਅਨ ਆਰਮੀ ਨੇ ਪੰਜਾਬ ਨੈਸ਼ਨਲ ਬੈਂਕ (ਪੀਐਨਬੀ) ਨੂੰ 2-1 ਨਾਲ ਹਰਾ ਕੇ ਚੈਂਪੀਅਨ ਜਿੱਤ ਹਾਸਲ ਕੀਤੀ । ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੀਆਂ ਹਾਕੀ ਖੇਡ ਦੀ ਤਰੱਕੀ ਲਈ ਉਪਰਾਲੇ ਨਿਰਵਿਘਨ ਜਾਰੀ ਹਨ ਭਾਵੇਂ ਟੂਰਨਾਮੈਂਟ ਕਰਵਾਉਣ ਵਿੱਚ ਇੱਕ ਦਹਾਕੇ ਤੋਂ ਖੜੋਤਾਈ ਹੈ ਜਿਸਦੇ ਕਈ ਕਾਰਨ ਸਨ। ਇਸਤੋਂ ਇਲਾਵਾ ਲੁਧਿਆਣਾ ਸਪੋਰਟਸ ਵੈਲਫੇਅਰ ਦੇ ਚਲਦੇ ਪਹੀਆਂ ਵਿੱਚ ਇੱਕਾ ਦੁੱਕਾ ਲੋਕਾਂ ਨੇ ਗੁੱਲੀਆਂ ਫਸਾਉਣ ਦੀ ਵੀ ਕੋਸ਼ਿਸ਼ ਕੀਤੀ, ਪਰ ਮਜਬੂਤ ਇਰਾਦਿਆਂ ਅੱਗੇ ਸਭ ਗੁੱਲੀਆਂ ਉੱਡ ਜਾਂਦੀਆਂ ਹਨ। ਜਿਨ੍ਹਾਂ ਨੇ ਹਿੰਮਤ ਨੂੰ ਯਾਰ ਬਣਾਇਆ ਹੁੰਦਾ ਫਤਿਹ ਨਸੀਬ ਉਹਨਾਂ ਨੂੰ ਹੀ ਹੁੰਦੀ ਹੈ। ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਵੱਲੋਂ ਇਸ ਵਰ੍ਹੇ ਆਲ ਇੰਡੀਆ ਪੱਧਰ ਦੇ ਟੂਰਨਾਮੈਂਟ ਦੀ ਬਜਾਏ ਬੱਚਿਆਂ ਦੀ ਹਾਕੀ ਨੂੰ ਪ੍ਰਫੁੱਲਤ ਕਰਨ ਲਈ ਅੰਡਰ 17 ਸਾਲ ਲੜਕੀਆਂ , ਅੰਡਰ 17 ਸਾਲ ਮੁੰਡੇ ਅਤੇ ਅੰਡਰ 19 ਮੁੰਡਿਆਂ ਦੇ ਹਾਕੀ ਮੁਕਾਬਲੇ ਕਰਵਾਉਣ ਦਾ ਉਪਰਾਲਾ ਸ਼ੁਰੂ ਕੀਤਾ ਹੈ। ਤਾਂ ਜੋ ਹੇਠਲੇ ਪੱਧਰ ਤੇ ਸਕੂਲੀ ਹਾਕੀ ਨੂੰ ਮਜਬੂਤ ਕੀਤਾ ਜਾ ਸਕੇ। ਇਸ ਟੂਰਨਾਮੈਂਟ ਵਿੱਚ ਸਬ ਜੂਨੀਅਰ ਅਤੇ ਜੂਨੀਅਰ ਪੱਧਰ ਦੀਆਂ 16 ਤੋਂ ਵੱਧ ਟੀਮਾਂ ਹਿੱਸਾ ਲੈਣਗੀਆਂ। ਇਸ ਟੂਰਨਾਮੈਂਟ ਦੇ ਫਾਈਨਲ ਸਮਾਰੋਹ ਤੇ ਸੰਸਥਾ ਦੇ ਵਿੱਛੜੇ ਸਾਥੀ ਪ੍ਰਵੀਨ ਕੁਮਾਰ ਗੋਰਖਾ, ਪਰਮਜੀਤ ਸਿੰਘ ਬੀਰ, ਗੁਰਭੇਜ ਸਿੰਘ, ਭੁਪਿੰਦਰ ਸਿੰਘ ਭਿੰਦਾ ਨੂੰ ਵੀ ਕਿਸੇ ਰੂਪ ਵਿੱਚ ਯਾਦ ਕਰਾਂਗੇ । ਇਸ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਅਸ਼ੋਕ ਪਰਾਸ਼ਰ ਪੱਪੀ ਵਿਧਾਇਕ ਸੈਂਟਰਲ ਲੁਧਿਆਣਾ, ਦ੍ਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ,ਅਮਰੀਕ ਸਿੰਘ ਮਿਨਹਾਸ, ਡਾਕਟਰ ਏ ਪੀ ਐਸ ਮਾਂਗਟ , ਓਲੰਪੀਅਨ ਹਰਦੀਪ ਸਿੰਘ ਗਰੇਵਾਲ, ਡਾਕਟਰ ਨਿਰਮਲ ਸਿੰਘ ਜੋੜਾ ਡਾਇਰੈਕਟਰ ਸਟੂਡੈਂਟ ਵੈਲਫੇਅਰ ਪੀਏਯੂ, ਕੁਲਦੀਪ ਚੁੱਗ ਜਿਲਾ ਖੇਡ ਅਫਸਰ ਲੁਧਿਆਣਾ, ਗੁਰਦੀਪ ਸਿੰਘ ਗਰੇਵਾਲ ਜਿਲਾ ਖੇਡ ਅਫਸਰ ਫਿਰੋਜ਼ਪੁਰ, ਦਵਿੰਦਰ ਸਿੰਘ ਕਾਲਾ ਘੁੰਮਣ, ਨਵਦੀਪ ਸਿੰਘ ਘੁੰਮਣ ,ਸੁਖਵਿੰਦਰ ਸਿੰਘ ਸਾਬਕਾ ਸੁਪਰਡੈਂਟ ਸਿਹਤ ਵਿਭਾਗ, ਹੁਕਮ ਸਿੰਘ ਗੁਰੂ ਨਾਨਕ ਕਾਰ ਬਜ਼ਾਰ, ਐਡਵੋਕੇਟ ਕੁਲਵੰਤ ਸਿੰਘ ਬੋਪਾਰਾਏ , ਮਹਿੰਦਰ ਸਿੰਘ ਗਿੱਲ ਭੁੱਟੋ ਯੂ ਐਸ ਏ, ਜਸਪਾਲ ਸਿੰਘ ਟੱਕਰ ਮਾਛੀਵਾੜਾ, ਨਰਿੰਦਰ ਸਿੰਘ ਹੈਬੋਵਾਲ ,ਭਪਿੰਦਰ ਸਿੰਘ ਭੋਲਾ ਹੈਬੋਵਾਲ , ਗੁਰਸਤਿੰਦਰ ਸਿੰਘ ਪ੍ਰਗਟ ਮੁੱਖ ਕੋਚ ਅਕੈਡਮੀ ਹਰਮੀਤ ਸਿੰਘ ਅਕੈਡਮੀ ਜਰਖੜ ,ਇਕਬਾਲ ਸਿੰਘ ਗਰੇਵਾਲ ਬਾੜੇਵਾਲ, ਅਵਤਾਰ ਸਿੰਘ ਭੋਲਾ ਇੰਸਪੈਕਟਰ ਪੰਜਾਬ ਪੁਲਿਸ, ਨੀਲੂ ਸ਼ਰਮਾ, ਗੁਰਤੇਜ ਸਿੰਘ ਲਾਡੀ, ਦੁਪਿੰਦਰ ਸਿੰਘ ਡਿੰਪੀ ਜਰਖੜ, ਸਰਬਜੀਤ ਸਿੰਘ ਬਲ ਕੈਨੇਡਾ, ਜਸਜੀਤ ਸਿੰਘ ਕੰਗ ਪੀਏਯੂ, ਹਰਮਿੰਦਰਪਾਲ ਸਿੰਘ ਪੱਪੂ ਕੈਨੇਡਾ, ਤਾਰਾ ਸਿੰਘ ਸੰਧੂ ਕੈਨੇਡਾ, ਕੁਲਵਿੰਦਰ ਸਿੰਘ ਰਾਜਨ, ਗੋਲਡੀ ਨੀਲੂ, ਅਤੇ ਹੋਰ ਖੇਡ ਪ੍ਰਬੰਧਕ ਤਨ ਮਨ ਧਨ ਨਾਲ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੀ ਤਨ ਮਨ ਅਤੇ ਧਨ ਨਾਲ ਸਹਾਇਤਾ ਕਰ ਰਹੇ ਹਨ । ਮੇਰੀ ਵੀ ਕੋਸ਼ਿਸ਼ ਹੋਏਗੀ ਕਿ ਜ਼ਿੰਦਗੀ ਦੇ ਆਖਰੀ ਸਾਹ ਹਾਕੀ ਖੇਡ ਨੂੰ ਸਮਰਪਿਤ ਹੋਣ । ਬਾਕੀ ਗੁਰੂ ਭਲੀ ਕਰੇ, ਰੱਬ ਰਾਖਾ।

**ਜਗਰੂਪ ਸਿੰਘ ਜਰਖੜ 9814300722**

ਸਮਾਜ ਵੀਕਲੀ ਨਿਊਜ਼

# ਜ਼ਿਲ੍ਹਾ ਮਾਲੇਰਕੋਟਲਾ ਅੰਦਰ ਸਰਕਾਰੀ ਤੰਤਰ ਅਤੇ ਸੜਕਾਂ ਬਣਾਉਣ ਵਾਲਿਆਂ ਦੇ ਆਪਸੀ ਗੂੜ੍ਹੇ ਪਿਆਰ ਦੀ ਮੂੰਹ ਬੋਲਦੀ ਤਸਵੀਰ

## ਅਮਰਗੜ੍ਹ–ਚੌਂਦਾ–ਜੌੜੇਪੁਲ ਥੋੜ੍ਹਾ ਸਮਾਂ ਪਹਿਲਾਂ ਹੀ ਬਣੀ ਸੜਕ ਦੀ ਹਾਲਤ ਤਰਸਯੋਗ, ਰਾਹਗੀਰਾਂ ਦੀ ਜਿੰਗਦੀ ਲੱਗੀ ਦਾਅ ਤੇ

**ਮਾਲੇਰਕੋਟਲਾ-29 ਨਵੰਬਰ(ਕੁਲਵੰਤ ਸਿੰਘ ਮੁਹਾਲੀ)** ਪੰਜਾਬ ਚ ਆਮ ਆਦਮੀ ਦੀ ਸਰਕਾਰ ਬਣਾਉਣ ਤੋਂ ਪਹਿਲਾਂ ਲੋਕਾਂ ਨੇ ਸਾਇਦ ਇਹ ਸੋਚਿਆ ਹੋਵੇਗਾ ਕਿ ਉਨ੍ਹਾਂ ਦੇ ਸਰਕਾਰੇ-ਦਰਬਾਰੇ ਕੰਮ ਸੌਖੇ ਅਤੇ ਮੁਫ਼ਤ ਹੋਇਆ ਕਰਨਗੇ, ਸਰਕਾਰੀ ਅਧਿਕਾਰੀ ਅਤੇ ਬਿਲਡਿੰਗਾਂ, ਸੜਕਾਂ ਬਣਾਉਣ ਵਾਲੇ ਠੇਕੇਦਾਰ ਵੀ ਸਰਕਾਰ ਵੱਲੋਂ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਹੋਣ ਤੋਂ ਡਰਦੇ ਮਾਰੇ ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਕਰਿਆ ਕਰਨਗੇ ਪਰ ਸਰਕਾਰ ਬਣਨ ਤੋਂ ਬਾਅਦ ਵੀ ਅਜਿਹਾ ਕੁੱਝ ਨਹੀਂ ਹੋਇਆ ਅਤੇ ਨਾ ਹੀ ਭਵਿੱਖ ਚ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ ਜਿਸ ਨਾਲ ਲੋਕਾਂ ਦਾ ਸਰਕਾਰ ਪ੍ਰਤੀ ਵਿਸ਼ਵਾਸ ਤੇ ਉਮੀਦ ਬਣੀ ਰਹਿ ਸਕੇ ਇਸ ਦਾ ਮੁੱਖ ਕਾਰਨ ਪੰਜਾਬ ਵਿੱਚ ਦਿਨੋ ਦਿਨ ਭਰਿਸ਼ਟਾਚਾਰ ਦੇ ਉਜਾਗਰ ਹੋ ਰਹੇ ਮਾਮਲੇ ਹਨ ਜਿਨਾਂ ਕਾਰਨ ਲੋਕਾਂ ਦਾ ਵਿਸ਼ਵਾਸ ਸਰਕਾਰ ਦੀ ਇਮਾਨਦਾਰੀ ਉਪਰੋਂ ਉੱਠ ਗਿਆ ਜਾਪਦਾ ਹੈ। ਕਿਉਂਕਿ ਕੋਈ ਵੀ ਅਧਿਕਾਰੀ ਜਾਂ ਬਿਲਡਿੰਗਾਂ ਬਣਾਉਣ ਵਾਲੇ ਠੇਕੇਦਾਰ ਆਪਣੀ ਕਿਉਂਕਿ ਵੱਡੀ ਗਿਣਤੀ ਅਧਿਕਾਰੀ ਅਤੇ ਬਿਲਡਿੰਗਾਂ ਤੇ ਸੜਕਾਂ ਬਣਾਉਣ ਵਾਲੇ ਠੇਕੇਦਾਰ ਪੂਰੀ ਇਮਾਨਦਾਰੀ ਨਾਲ ਆਪਣਾ ਕੰਮ ਨਹੀਂ ਕਰ ਰਹੇ, ਸ਼ਾਇਦ ਇਸੇ ਕਾਰਨ ਪੰਜਾਬ ਵਿੱਚ ਬਣ ਰਹੀਆਂ ਸੜਕਾਂ ਕੁਝ ਹੀ ਸਮੇਂ ਬਾਅਦ ਟੁੱਟੀਆਂ ਹੋਈਆਂ ਦਿਖਾਈ ਦੇ ਰਹੀਆਂ ਹਨ। ਜਿਸ ਤਰ੍ਹਾਂ ਕਿ ਪਿਛਲੀਆਂ ਸਰਕਾਰਾਂ ਵਿੱਚ ਹੁੰਦਾ ਆਇਆ ਹੈ ਇਸੇ ਤਰ੍ਹਾਂ ਹੀ ਹੁਣ ਵਾਪਰ ਰਿਹਾ ਨਵਾਂ ਕੁਝ ਵੀ ਨਹੀਂ ਹੋ ਰਿਹਾ। ਹੁਣ ਆਪਾਂ ਗੱਲ ਕਰਦੇ ਹਾਂ ਪੰਜਾਬ ਚ ਫੈਲੇ ਹੋਏ ਭ੍ਰਿਸ਼ਟਾਚਾਰ ਦੀ ਮੂੰਹ ਬੋਲਦੀ ਤਸਵੀਰ ਜੋ ਕਿ ਜ਼ਿਲ੍ਹਾ ਮਲੇਰਕੋਟਲਾ ਦੇ ਸਰਕਾਰੀ ਤੰਤਰ ਅਤੇ ਠੇਕੇਦਾਰਾਂ ਦੇ ਆਪਸੀ ਗੂੜ੍ਹੇ ਪਿਆਰ ਦਾ ਅੱਖੀਂ ਡਿੱਠਾ ਹਾਲ ਖ਼ੁਦ ਵਰਨਣ ਕਰ ਰਹੀ ਹੈ, ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਅਮਰਗੜ੍ਹ ਦੇ ਕਸਬਾ ਅਮਰਗੜ੍ਹ ਤੋਂ ਜੌੜੇਪੁਲਾਂ ਨੂੰ ਵਾਇਆ ਚੌਂਦਾ ਹੋ ਕੇ ਜਾਂਦੀ ਮੁੱਖ ਤੇ ਵੱਡੀ ਸੜਕ ਜੋ ਕਿ ਮਹਿਜ ਥੋੜ੍ਹਾ ਸਮਾਂ ਪਹਿਲਾਂ ਹੀ ਪੰਜਾਬ ਮੰਡੀ ਬੋਰਡ ਵੱਲੋਂ ਬਣਾਈ ਗਈ ਸੀ ਉਸ ਦਾ ਇੰਨਾ ਕੁ ਮਾੜਾ ਹਾਲ ਹੋ ਚੁੱਕਿਆ ਕਿ ਹਰ ਕੋਈ ਸੜਕ ਬਣਾਉਣ ਵਾਲੇ ਮਹਿਕਮੇ ਪੰਜਾਬ ਮੰਡੀ ਬੋਰਡ ਅਤੇ ਸੜਕ ਬਣਾਉਣ ਵਾਲੇ ਠੇਕੇਦਾਰ ਨੂੰ ਬਹੁਤ ਸਬਾਸ਼ੇ ਦੇ ਕੇ ਲੰਘਦਾ ਹੈ, ਇਥੋਂ ਤੱਕ ਕਿ ਬਾਹਰਲੇ ਏਰੀਏ ਦਾ ਵਿਅਕਤੀ ਜੋ ਪਹਿਲੀ ਵਾਰ ਇਸ ਸੜਕ ਉਪਰੋਂ ਲੰਘਦਾ ਹੈ ਮੁੜ ਕੇ ਨਾ ਆਉਣ ਦੀ ਸਹੁੰ ਖਾ ਕੇ ਜਾਂਦਾ ਹੈ ਕਿਉਂਕੀ ਉਸ ਉੱਪਰ ਦੀ ਰਾਤ ਦੇ ਹਨੇਰੇ ਵਿੱਚ ਤਾਂ ਕੀ ਦਿਨੇ ਵੀ ਲੰਘਣਾ ਮੁਹਾਲ ਹੋਇਆ ਪਿਆ ਹੈ, ਸੜਕ ਵਿੱਚ 1-2 ਫੁੱਟ ਡੂੰਘੇ ਅਤੇ 10 ਤੋਂ 50 ਫੁੱਟ ਲੰਮੇ-ਚੌੜੇ ਟੋਏ=ਖੱਡੇ ਪੈ ਚੁੱਕੇ ਹਨ। ਇਸ ਸੜਕੋ ਉੱਪਰ ਆਏ ਦਿਨ ਟੋਇਆਂ ਦੇ ਕਾਰਨ ਦੁਰਘਟਨਾਵਾਂ ਹੋ ਰਹੀਆਂ ਹਨ ਬਹੁਤ ਸਾਰੇ ਵਿਅਕਤੀਆਂ ਦੇ ਸੱਟਾਂ ਲੱਗ ਚੁੱਕੀਆਂ ਹਨ ਵਹੀਕਲਾਂ ਦਾ ਨੁਕਸਾਨ ਵੀ ਹੋ ਰਿਹਾ ਹੈ ਪਰ ਕੋਈ ਵੀ ਸਰਕਾਰੀ ਅਧਿਕਾਰੀ ਜਾਂ ਠੇਕੇਦਾਰ ਇਸ ਪਾਸੇ ਵੱਲ ਧਿਆਨ ਨਹੀਂ ਦੇ ਰਿਹਾ। ਰਾਹਗੀਰਾਂ ਰਾਹਗੀਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਕੋਲੋਂ ਇਸ ਜ਼ਿਲ੍ਹੇ ਅੰਦਰ ਬਣ ਰਹੀਆਂ ਸੜਕਾਂ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਕਸੂਰਵਾਰ ਲੋਕਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ ਤਾਂ ਕਿ ਲੋਕਾਂ ਦਾ ਵਿਸ਼ਵਾਸ ਸਰਕਾਰ ਵਿੱਚ ਬਣਿਆ ਰਹੇ। ਕੀ ਕਹਿਣਾ ਮੰਡੀ ਬੋਰਡ ਦੇ ਸਬੰਧਿਤ ਅਧਿਕਾਰੀ ਦਾ : ਇਸ ਸਬੰਧੀ ਮੰਡੀ ਬੋਰਡ ਦੇ ਜੂਨੀਅਰ ਇੰਜਨੀਅਰ ਬਲਜੀਤ ਸਿੰਘ ਨਾਲ ਗੱਲ ਕਰਕੇ ਪੱਖ ਜਾਣਿਆ ਉਨ੍ਹਾਂ ਕਿਹਾ ਕਿ ਇਹ ਸੜਕ ਸਾਲ 2022 ਚ ਬਣੀ ਸੀ ਜੋ ਕਿ ਬਹੁਤ ਜਿਆਦਾ ਟੁੱਟ ਚੁੱਕੀ ਹੈ ਇਸ ਦੀ ਦੋਵਾਰਾ ਮੁਰੰਮਤ ਲਈ ਲਿਖ ਕੇ ਭੇਜਿਆ ਹੋਇਆ ਹੈ।ਉਸਨੇ ਇਹ ਵੀ ਦਾਅਵਾ ਕੀਤਾ ਕਿ ਇਹ ਸੜਕ ਦੋ ਮਹੀਨੇ ਚ ਬਣ ਕੇ ਤਿਆਰ ਹੋ ਜਾਵੇਗੀ। ਹੁਣ ਦੇਖਣਾ ਹੋਵੇਗਾ ਕਿ ਜੂਨੀਅਰ ਇੰਜਨੀਅਰ ਬਲਜੀਤ ਸਿੰਘ ਵੱਲੋਂ ਕੀਤਾ ਦਾਅਵਾ ਸੱਚ ਹੁੰਦਾ ਕਿ ਨਹੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।



# ''ਤਾਰਕ ਮਹਿਤਾ ਕਾ ਉਲਟਾ ਚਸ਼ਮਾ''

**(ਹਾਸੇ ਨਾਲ ਸਮਾਜਿਕ ਸੰਦੇਸ਼)**

ਅੱਜ ਦੇ ਡਿਜੀਟਲ ਯੁੱਗ ਵਿੱਚ ਜਿੱਥੇ ਸੋਸ਼ਲ ਮੀਡੀਆ ਮਨੋਰੰਜਨ ਦਾ ਸਭ ਤੋਂ ਵੱਧ ਚਰਚਿਤ ਸਾਧਨ ਬਣ ਗਿਆ ਹੈ, ਉੱਥੇ ਹੀ ਟੈਲੀਵਿਜ਼ਨ ਅਜੇ ਵੀ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਮਹੱਤਵਪੂਰਣ ਹਿੱਸਾ ਹੈ। ਹੁਣ ਉਹ ਸਮਾਂ ਨਹੀਂ ਰਿਹਾ ਜਦੋਂ ਸਿਰਫ਼ ਦੋ-ਤਿੰਨ ਚੈਨਲਾਂ 'ਤੇ ਸੀਮਿਤ ਪ੍ਰੋਗਰਾਮ ਦਿਖਾਏ ਜਾਂਦੇ ਸਨ। ਆਧੁਨਿਕ ਯੁੱਗ ਵਿੱਚ ਹਰ ਰੋਜ਼ ਨਵੇਂ ਚੈਨਲ ਅਤੇ ਵਿਭਿੰਨ ਪ੍ਰੋਗਰਾਮ ਦਰਸ਼ਕਾਂ ਦੇ ਰੁਝਾਨ ਲਈ ਲਾਂਚ ਕੀਤੇ ਜਾਂਦੇ ਹਨ। ਟੈਲੀਵਿਜ਼ਨ 'ਤੇ ਪ੍ਰਸਾਰਿਤ ਕਈ ਧਾਰਾਵਾਹਿਕਾਂ ਵਿੱਚੋਂ ਕੁਝ ਹੀ ਐਸੇ ਹੁੰਦੇ ਹਨ ਜੋ ਹਰ ਉਮਰ ਦੇ ਦਰਸ਼ਕਾਂ ਨੂੰ ਆਪਣੀ ਵੱਲ ਖਿੱਚਦੇ ਹਨ। ਉਨ੍ਹਾਂ ਵਿੱਚੋਂ ਮੇਰਾ ਸਭ ਤੋਂ ਪਸੰਦੀਦਾ ਸੀਰੀਅਲ ਹੈ "ਤਾਰਕ ਮਹਿਤਾ ਕਾ ਉਲਟਾ ਚਸ਼ਮਾ"। ਇਸ ਧਾਰਾਵਾਹਿਕ ਨੇ ਆਪਣੇ ਹਾਸਰਸ ਭਰੇ ਰੂਪ ਅਤੇ ਸਮਾਜਿਕ-ਸੰਦਰਭ ਵਾਲੀਆਂ ਕਹਾਣੀਆਂ ਕਰਕੇ ਲਗਾਤਾਰ



ਸੋਲਾਂ ਸਾਲਾਂ ਤੋਂ ਟੈਲੀਵਿਜ਼ਨ 'ਤੇ ਆਪਣੀ ਚੰਗੀ ਸਥਿਤੀ ਬਣਾਈ ਰੱਖੀ ਹੈ।

ਇਸ ਸੀਰੀਅਲ ਦੀ ਵਿਸ਼ੇਸ਼ ਪ੍ਰਸਿੱਧੀ ਦਾ ਮੁੱਖ ਕਾਰਨ ਇਸਦਾ ਹਾਸ-ਪਰਿਹਾਸ ਅਤੇ ਰੋਮਾਂਚਕਤਾ ਹੈ। ਗੋਕੁਲਧਾਮ ਸੋਸਾਇਟੀ ਦੇ ਵਸਨੀਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਰੂਪਕਾਂ ਰਾਹੀਂ ਇਹ ਦਰਸ਼ਕਾਂ ਨੂੰ ਨਾ ਸਿਰਫ਼ ਪ੍ਰਸੰਨਤਾ ਪ੍ਰਦਾਨ ਕਰਦਾ ਹੈ, ਬਲਕਿ ਉਹਨਾਂ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨਾਲ ਵੀ ਜੋੜਦਾ ਹੈ। ਕਿਰਦਾਰਾਂ ਦੀ ਪ੍ਰਮਾਣਿਕ ਅਦਾਕਾਰੀ ਦਰਸ਼ਕਾਂ ਦੇ ਮਨ 'ਤੇ ਡੂੰਘਾ ਅਸਰ ਛੱਡਦੀ ਹੈ। ਇਸ ਧਾਰਾਵਾਹਿਕ ਦੀ ਸਭ ਤੋਂ ਮਹੱਤਵਪੂਰਣ ਖਾਸੀਅਤ ਇਹ ਹੈ ਕਿ ਇਹ ਪੂਰੇ ਪਰਿਵਾਰ ਲਈ ਯੋਗ ਮਨੋਰੰਜਨ ਪ੍ਰਦਾਨ ਕਰਦਾ ਹੈ। ਇਸ ਵਿੱਚ ਕੋਈ ਅਸ਼ਲੀਲਤਾ ਜਾਂ ਅਣਉਚਿਤ ਸਮੱਗਰੀ ਨਹੀਂ ਦਿਖਾਈ ਜਾਂਦੀ, ਜਿਸ ਕਾਰਨ ਛੋਟੇ-ਵੱਡੇ ਸਾਰੇ ਮੈਂਬਰ ਇਕੱਠੇ ਬੈਠ ਕੇ ਆਨੰਦ ਮਾਣ ਸਕਦੇ ਹਨ।

ਸਾਰ ਦੇ ਰੂਪ ਵਿੱਚ ਕਿਹਾ ਜਾਵੇ ਤਾਂ "ਤਾਰਕ ਮਹਿਤਾ ਕਾ ਉਲਟਾ ਚਸ਼ਮਾ" ਕੇਵਲ ਇੱਕ ਮਨੋਰੰਜਨਕ ਧਾਰਾਵਾਹਿਕ ਹੀ ਨਹੀਂ, ਬਲਕਿ ਸਮਾਜਿਕ ਮੁੱਲਾਂ ਨੂੰ ਪ੍ਰਸਤੁਤ ਕਰਨ ਵਾਲਾ ਸੰਸਕਾਰੀ ਪ੍ਰੋਗਰਾਮ ਹੈ। ਇਹ ਹਾਸੇ ਅਤੇ ਖੁਸ਼ੀ ਰਾਹੀਂ ਦਰਸ਼ਕਾਂ ਦੇ ਮਨ ਨੂੰ ਹਲਕਾ ਕਰਦਾ ਹੈ ਅਤੇ ਟੈਲੀਵਿਜ਼ਨ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਣ ਪੰਨਾ ਲਿਖਦਾ ਹੈ। ਉਮੀਦ ਹੈ ਕਿ ਇਹ ਧਾਰਾਵਾਹਿਕ ਆਉਣ ਵਾਲੇ ਸਮੇਂ ਵਿੱਚ ਵੀ ਦਰਸ਼ਕਾਂ ਨੂੰ ਹੱਸਾਉਂਦਾ ਤੇ ਵਿਹਲਾਉਂਦਾ ਰਹੇਗਾ।



**ਪਵਨ ਕੁਮਾਰ ਅੱਤਰੀ**
**ਅਧਿਆਪਕ (ਕਪੂਰਥਲਾ)**

# ਪੁਸਤਕ ਰੀਵਿਊ:ਸਾਕਾਰਾਤਮਕ ਮਿੰਨੀ ਕਹਾਣੀਆਂ : ਨਿਰਮੋਹੇ

**ਪੁਸਤਕ : ਨਿਰਮੋਹੇ**
*** ਲੇਖਕ : ਮਹਿੰਦਰ ਸਿੰਘ ਮਾਨ**
**ਪ੍ਰਕਾਸ਼ਕ : ਨਵਰੰਗ ਪਬਲੀਕੇਸ਼ਨ, ਸਮਾਣਾ**
**ਪੰਨੇ : 95**
**ਮੁੱਲ : 200/- ਰੁਪਏ**

ਮਹਿੰਦਰ ਸਿੰਘ ਮਾਨ ਪਿਛਲੇ ਕਈ ਵਰ੍ਹਿਆਂ ਤੋਂ ਸਾਹਿਤ ਦੇ ਖੇਤਰ ਵਿੱਚ ਨਿਰੰਤਰ ਕਾਰਜਸ਼ੀਲ ਹੈ। ਮੁੱਖ ਤੌਰ ਤੇ ਉਹ ਇੱਕ ਕਵੀ ਹੈ ਤੇ ਉਹਦੀਆਂ ਹੁਣ ਤੱਕ ਕਵਿਤਾ ਦੀਆਂ 7 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 6 ਕਾਵਿ ਸੰਗ੍ਰਹਿ ਤੇ ਇੱਕ ਗ਼ਜ਼ਲ ਸੰਗ੍ਰਹਿ ਹੈ। ਮਾਨ ਦੀਆਂ ਕਵਿਤਾਵਾਂ ਵਿੱਚ ਅਗਾਂਹਵਧੂ ਵਿਚਾਰਾਂ ਦੀ ਪੇਸ਼ਕਾਰੀ ਹੋਈ ਹੈ। ਉਸਦੀ ਕੋਸ਼ਿਸ਼ ਰਹੀ ਹੈ ਕਿ ਉਹ ਲੋਕਾਂ ਨੂੰ ਨਵੀਆਂ ਰਾਹਾਂ ਤੇ ਚੱਲਣ ਦੀ ਜਾਚ ਸਿਖਾਵੇ। ਇਸੇਲਈ ਮਾਨ ਦੀਆਂ ਜ਼ਿਆਦਾਤਰ ਕਿਤਾਬਾਂ ਦੇ ਨਾਂ ਵੀ 'ਸੂਰਜ' ਨਾਲ ਸੰਬੰਧਿਤ ਹਨ। ਇਨ੍ਹਾਂ ਵਿੱਚ 'ਚੜ੍ਹਿਆ ਸੂਰਜ', 'ਸੂਰਜ ਦੀਆਂ ਕਿਰਨਾਂ', 'ਸੂਰਜ ਹਾਲੇ ਡੁੱਬਿਆ ਨਹੀਂ', 'ਮਘਦਾ ਸੂਰਜ' ਦ ਾ ਜ਼ਿਕਰ ਕੀਤਾ ਜਾ ਸਕਦਾ ਹੈ।

ਇਸ ਵਰ੍ਹੇ (2025 ਵਿੱਚ) ਮਹਿੰਦਰ ਸਿੰਘ ਮਾਨ ਨੇ ਸਾਹਿਤ ਦੀ ਇੱਕ ਹੋਰ ਸਿਨਫ਼ ਤੇ ਹੱਥ ਅਜ਼ਮਾਇਆ ਹੈ ਤੇ ਇਹ ਹੈ ਮਿੰਨੀ ਕਹਾਣੀ। 'ਨਿਰਮੋਹੇ' ਨਾਂ ਦੇ ਇਸ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਕੁੱਲ 79 ਮਿੰਨੀ ਕਹਾਣੀਆਂ ਸ਼ਾਮਲ ਹਨ। ਮਿੰਨੀ ਕਹਾਣੀ ਸਾਹਿਤ ਦਾ ਉਹ ਰੂਪ ਹੈ, ਜਿਸ ਵਿੱਚ ਲੇਖਕ ਥੋੜ੍ਹੇ ਸ਼ਬਦਾਂ ਵਿੱਚ ਆਪਣੀ ਗੱਲ ਨੂੰ ਅਸਰ-ਅੰਦਾਜ਼ ਢੰਗ ਨਾਲ ਕਹਿਣ ਦੀ ਕੋਸ਼ਿਸ਼ ਕਰਦਾ ਹੈ। ਇਸ ਵਿੱਚ ਵਾਧੂ ਦਾ ਖਿਲਾਰਾ ਨਹੀਂ ਹੁੰਦਾ। ਘਟਨਾ ਨੂੰ ਸਿੱਧੇ ਤੌਰ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਸਤੁਤ ਕੀਤਾ ਜਾਂਦਾ ਹੈ। ਇਹ ਤਰੀਕਾ ਕੋਈ ਵੀ ਹੋ ਸਕਦਾ ਹੈ - ਵਾਰਤਾਲਾਪੀ ਜਾਂ ਬਿਆਨਮਈ। ਪਰ ਇਹਨੂੰ ਪੇਸ਼ ਕਰਨ ਲਈ ਘਟਨਾ ਉੱਤੇ ਹੀ ਕੇਂਦਰਿਤ ਕਰਨਾ ਪੈਂਦਾ ਹੈ।

ਮਨੁੱਖੀ ਜੀਵਨ ਦੋ-ਰੰਗਾ ਹੈ। ਇਸ ਵਿੱਚ ਦੁਖ-ਸੁਖ, ਗ਼ਮੀ-ਖ਼ੁਸ਼ੀ, ਉੱਚਾ-ਨੀਵਾਂ, ਚੰਗਾ-ਮਾੜਾ ਆਦਿ ਬਹੁਤ ਕੁਝ ਵਾਪਰਦਾ ਰਹਿੰਦਾ ਹੈ। ਪਰਮਾਤਮਾ ਨੇ ਬ੍ਰਹਿਮੰਡ ਨੂੰ ਵੀ ਦੋ-ਰੰਗਾ ਹੀ ਬਣਾਇਆ ਹੈ - ਦਿਨ-ਰਾਤ, ਗਰਮੀ-ਸਰਦੀ, ਮੱਸਿਆ-ਪੁੰਨਿਆ, ਪਤਝੜ-ਬਹਾਰ, ਫੁੱਲ-ਖਾਰ ਆਦਿ। ਇਹ ਸਾਡੀ ਸੋਚ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਪਰਿਸਥਿਤੀ ਵਿੱਚ ਕਿਹੋ ਜਿਹੀ ਪ੍ਰਤੀਕਿਰਿਆ ਦੇਣੀ ਹੈ। ਸਮਾਜ ਵਿੱਚ ਵਿਚਰਦਿਆਂ ਸਾਨੂੰ ਵਿਭਿੰਨ ਪਹਿਲੂਆਂ




ਨਾਲ ਦੋ-ਚਾਰ ਹੋਣਾ ਪੈਂਦਾ ਹੈ। ਚੰਗਾ ਲੇਖਕ ਉਹ ਹੁੰਦਾ ਹੈ ਜੋ ਵਿਰੋਧੀ ਪਰਿਸਥਿਤੀਆਂ ਦੇ ਬਾਵਜੂਦ ਉਸਦੇ ਨਾਕਾਰਾਤਮਕ ਪੱਖਾਂ ਨੂੰ ਅਣਡਿੱਠ ਕਰਕੇ ਸਾਕਾਰਾਤਮਕ ਰੁਚੀਆਂ ਨੂੰ ਪ੍ਰਾਥਮਿਕਤਾ ਦੇਵੇ।

ਮਹਿੰਦਰ ਸਿੰਘ ਮਾਨ ਇੱਕ ਸੇਵਾ-ਮੁਕਤ ਮੁੱਖ-ਅਧਿਆਪਕ ਹੈ। ਉਹਨੇ ਲੰਮਾ ਸਮਾਂ ਸਾਇੰਸ ਅਧਿਆਪਕ ਵਜੋਂ ਵੀ ਕਾਰਜ ਕੀਤਾ ਹੈ। ਉਹਨੇ ਰੋਜ਼ਾਨਾ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ ਹੈ। ਲੇਖਕ ਨੇ ਪਹਿਲਾਂ-ਪਹਿਲ ਜੇਬੀ ਪੱਤ੍ਰਿਕਾ 'ਅਣੂ' ਵਿੱਚ ਮਿੰਨੀ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਉਸਦੀਆਂ ਮਿੰਨੀ ਕਹਾਣੀਆਂ ਵਿੱਚ ਪੇਸ਼ ਹੋਇਆ ਯਥਾਰਥ ਵਾਸਤਵਿਕ ਹੈ ਤੇ ਇਹ ਕੋਈ ਕਾਲਪਨਿਕ ਲਿਖਤਾਂ ਨਹੀਂ ਹਨ। ਲੇਖਕ ਨੇ ਇਨ੍ਹਾਂ ਰਚਨਾਵਾਂ ਦੇ ਸਿਰਲੇਖ ਵੀ ਬੜੇ ਭਾਵਪੂਰਤ ਬਣਾਏ ਹਨ, ਜੋ ਬਹੁਤ ਸਾਰੀਆਂ ਗੱਲਾਂ ਕਹਿਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਮਿੰਨੀ ਕਹਾਣੀਆਂ ਦੇ ਵਧੇਰੇ ਸਿਰਲੇਖ ਇੱਕ-ਸ਼ਬਦੀ ਹਨ। ਜਿਵੇਂ ਵਧਾਈ, ਭਵਿੱਖਬਾਣੀ, ਗੁਰਦੁਆਰਾ, ਜ਼ਲੀਲ, ਭੁੱਖ, ਫੈਸਲਾ, ਨੁਕਸਾਨ, ਲਿਫ਼ਾਫ਼ਾ, ਭਾਰ, ਵਿਚਾਰੇ, ਚਿੰਤਾ, ਵਾਰੀ, ਪਤੰਗ, ਘਾਟ, ਪਲਾਟ, ਰਾਖੀ, ਅਣਗਹਿਲੀ, ਰੱਖੜੀ, ਡਰ, ਹਿੰਮਤ, ਬੋਝ, ਨਿਰਮੋਹੇ, ਗਹਿਣੇ, ਇਤਰਾਜ਼, ਵੋਟਾਂ ਆਦਿ।

ਮਾਨ ਦੀਆਂ ਮਿੰਨੀ ਕਹਾਣੀਆਂ ਵਿੱਚ ਸਾਕਾਰਾਤਮਕ ਰੁਚੀਆਂ ਨੂੰ ਪ੍ਰਗਟ ਕੀਤਾ ਗਿਆ ਹੈ। ਸੰਗ੍ਰਹਿ ਦੀ ਸ਼ੀਰਸ਼ਕ ਮਿੰਨੀ ਕਹਾਣੀ 'ਨਿਰਮੋਹੇ' ਵਿੱਚ ਵੀ ਇਹੋ ਜਿਹਾ ਸੰਦੇਸ਼ ਮਿਲਦਾ ਹੈ। ਇਸ ਵਿੱਚ ਇੱਕ ਵਿਆਹੀ ਹੋਈ ਲੜਕੀ ਆਪਣੇ ਭਰਾ-ਭਾਬੀ ਨੂੰ ਮਿਲਣ ਜਾਂਦੀ ਹੈ ਤਾਂ ਉਹ ਵੀ ਵਿਖਾਵੇ ਵਜੋਂ ਨਹੀਂ ਮਿਲਦੇ, ਸਗੋਂ ਬਹੁਤ ਮਾਣ-ਸਤਿਕਾਰ ਦਿੰਦੇ ਹਨ। ਉਹ ਕੁੜੀ ਆਪਣੇ ਭਰਾ-ਭਾਬੀ ਨੂੰ ਇਹੋ ਕਹਿੰਦੀ ਹੈ ਕਿ ਤੁਸੀਂ ਕਦੇ ਨਿਰਮੋਹੇ ਨਾ ਬਣਿਓ, ਹਮੇਸ਼ਾ ਮੇਰੇ ਨਾਲ ਮੋਹ-ਪਿਆਰ ਤੇ ਮੇਲ-ਮਿਲਾਪ ਰੱਖਿਓ।

ਮਹਿੰਦਰ ਸਿੰਘ ਮਾਨ ਦੀ ਇਹ ਖ਼ੂਬੀ ਹੈ ਕਿ ਉਹਨੇ ਕਿਸੇ ਵਿਅਕਤੀ/ਸਥਿਤੀ ਦੇ ਔਗੁਣਾਂ ਦੀ ਥਾਂ ਉਹਦੇ ਗੁਣਾਂ ਨੂੰ ਤਰਜੀਹ ਦਿੱਤੀ ਹੈ। ਇਸੇਲਈ ਇਸ ਸੰਗ੍ਰਹਿ ਦੀਆਂ ਸਾਰੀਆਂ ਮਿੰਨੀ ਕਹਾਣੀਆਂ ਦੀ ਦ੍ਰਿਸ਼ਟੀ ਅਗਾਂਹਵਧੂ ਹੈ। ਮਹਿੰਦਰ ਸਿੰਘ ਮਾਨ ਦੇ ਇਸ ਨਵ-ਪ੍ਰਕਾਸ਼ਿਤ ਮਿੰਨੀ ਕਹਾਣੀ ਸੰਗ੍ਰਹਿ ਦਾ ਪੰਜਾਬੀ ਸਾਹਿਤ ਵਿੱਚ ਨਿੱਘਾ ਸਵਾਗਤ ਹੈ ਤੇ ਲੇਖਕ ਤੋਂ ਆਗਾਮੀ ਸਮੇਂ ਵਿੱਚ ਹੋਰ ਸਾਰਥਕ ਤੇ ਚੰਗੇਰਾ ਲਿਖਣ ਦੀ ਭਰਪੂਰ ਉਮੀਦ ਹੈ।



**ਰੀਵਿਊਕਾਰ : ਪ੍ਰੋ. ਨਵ ਸੰਗੀਤ ਸਿੰਘ**
**# 1, ਲਤਾ ਗਰੀਨ ਐਨਕਲੇਵ,**
**ਪਟਿਆਲਾ-147002**
**(9417692015)**






# ਐੱਨ.ਐੱਸ.ਐੱਸ. ਵਿਭਾਗ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ

## ਦੇਸ਼ ਨੂੰ ਭਾਰਤੀ ਸੰਵਿਧਾਨ 'ਤੇ ਮਾਣ–ਪ੍ਰਿੰਸੀਪਲ ਮਿੱਢਾ






**ਜਲੰਧਰ (ਪਰਮਜੀਤ ਜੱਸਲ)**–ਡੀ.ਆਰ.ਵੀ ਡੀ.ਏ.ਵੀ ਸ਼ਤਾਬਦੀ ਕਾਲਜ ਫ਼ਿਲੌਰ ਵਿਖੇ ਪ੍ਰਿੰਸੀਪਲ ਐੱਸ.ਕੇ. ਮਿੱਢਾ ਦੀ ਅਗਵਾਈ ਹੇਠ ਐੱਨ.ਐੱਸ.ਐੱਸ ਯੂਨਿਟ , ਰੈੱਡ ਰਿੱਬਨ ਕਲੱਬ ਅਤੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ ।ਪ੍ਰਿੰਸੀਪਲ ਐੱਸ.ਕੇ. ਮਿੱਢਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਭਾਰਤੀ ਸੰਵਿਧਾਨ 'ਤੇ ਮਾਣ ਹੋਣਾ ਚਾਹੀਦਾ ਹੈ, ਜਿਹੜਾ ਅਮਰੀਕਾ, ਇੰਗਲੈਂਡ ਦੇ ਸੰਵਿਧਾਨਾਂ ਨਾਲੋਂ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ ।ਜੋ ਵਿਸ਼ਵ ਦਾ ਸਭ ਤੋਂ ਉੱਤਮ , ਬਹੁ-ਪੱਖੀ ਤੇ ਬਹੁ-ਪਾਸਾਰੀ ਸੰਵਿਧਾਨ ਹੈ ।ਉਨ੍ਹਾਂ ਕਿਹਾ ਕਿ ਡਾ. ਬੀ. ਆਰ ਅੰਬੇਡਕਰ ਜੀ ਜੋ ਇਸ ਸੰਵਿਧਾਨ ਦੀ ਡਰਾਫ਼ਟਿੰਗ ਕਮੇਟੀ ਦੇ ਚੇਅਰਮੈਨ ਸਨ,ਦੇ ਜੀਵਨ ਅਤੇ ਉਨ੍ਹਾਂ ਦੇ ਇਸ ਉੱਤਮ ਕਾਰਜ ਦਾ ਜ਼ਿਕਰ ਕੀਤਾ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਕੋਈ ਮਾਮੂਲੀ ਸੰਵਿਧਾਨ ਨਹੀਂ ਹੈ,ਹੋਰਨਾਂ ਦੇਸ਼ਾਂ ਦੇ ਮੁਕਾਬਲੇ ਵਿੱਚ ਭਾਰਤੀ ਸੰਵਿਧਾਨ ਦਾ ਕੋਈ ਵੀ ਮੁਕਾਬਲਾ ਨਹੀਂ ਹੈ । ਜਿਵੇਂ ਕਿ ਇੰਗਲੈਂਡ ਵਿੱਚ ਕੋਈ ਲਿਖਤੀ ਸੰਵਿਧਾਨ ਹੀ ਨਹੀਂ ਹੈ ਅਤੇ ਅਮਰੀਕਾ ਦਾ ਸੰਵਿਧਾਨ ਐਨਾ ਛੋਟਾ ਹੈ ਕਿ ਉਸਨੂੰ ਅਸੀਂ ਆਪਣੀ ਜੇਬ ਵਿੱਚ ਪਾ ਕੇ ਘੁੰਮ ਸਕਦੇ ਹਾਂ । ਇਸ ਲਈ ਭਾਰਤ ਵਾਸੀਆਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਉਹਨਾਂ ਦਾ ਸੰਵਿਧਾਨ ਇੰਨਾ ਵੱਡਾ ਹੈ ਕਿ ਕਿਸੇ ਦੇਸ਼ ਦਾ ਸੰਵਿਧਾਨ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ ।ਇਸ ਦੀ ਭੂਮਿਕਾ ਦੇ ਵਿੱਚ ਹੀ ਪਹਿਲੀਆਂ ਦੋ ਪੰਕਤੀਆਂ ਵਿੱਚ ਸਾਨੂੰ ਸਾਰੇ ਸੰਵਿਧਾਨ ਦਾ ਸਾਰੰਸ਼ ਮਿਲ ਜਾਂਦਾ ਹੈ। ਇਤਿਹਾਸ ਵਿਭਾਗ ਦੇ ਪ੍ਰੋ.ਸੁਰਿੰਦਰ ਪਾਲ ਵੱਲੋਂ ਅੱਜ ਦੇ ਦਿਨ ਦੀ ਮਹੱਤਤਾ ਨੂੰ ਕਾਇਮ ਰੱਖਣ ਵਿੱਚ ਸਾਰਿਆਂ ਦੇ ਯੋਗਦਾਨ ਦੀ ਉਮੀਦ ਪ੍ਰਗਟਾਈ। ਉਹਨਾਂ ਕਿਹਾ ਕਿ ਇਸ ਵਿਸ਼ਾਲ ਭਾਰਤ ਦੀ ਏਨੀ ਵੱਡੀ ਵਿਭਿੰਨਤਾ ਨੂੰ ਇਕਜੁੱਟਤਾ ਵਿਚ ਸਮੋ ਕੇ ਰੱਖਣਾ ਸੰਵਿਧਾਨ ਦੀ ਹੀ ਵਡਮੁੱਲੀ ਦੇਣ ਹੈ। ਉਨ੍ਹਾਂ ਕਿਹਾ ਕਿ ਸਾਡਾ ਸੰਵਿਧਾਨ ਲੋਕਤੰਤਰੀ ਸੰਵਿਧਾਨ ਹੈ ਜੋ ਲੋਕਾਂ ਦੇ ਬਹੁਮਤ ਨਾਲ ਹੀ ਸਾਡੀਆਂ ਸਰਕਾਰਾਂ ਦੀ ਚੋਣ ਜ਼ਰੀਏ ਡਾ.ਅੰਬੇਡਕਰ ਜੀ ਦੀ ਸੋਚ ਆਜ਼ਾਦੀ,ਸਾਂਝੀਵਾਲਤਾ, ਬਰਾਬਰਤਾ ਅਤੇ ਭਾਈਚਾਰਕ ਸਾਂਝ ਨੂੰ ਅਪਨਾਉਣ 'ਤੇ ਜ਼ੋਰ ਦਿੰਦਾ ਹੈ । ਮੰਚ ਦਾ ਸੰਚਾਲਨ ਪ੍ਰੋ.ਡਾ.ਪਰਮਜੀਤ ਕੌਰ ਦੁਆਰਾ ਕੀਤਾ ਗਿਆ ।ਇਸ ਮੌਕੇ ‘ਤੇ ਸਮੂਹ ਸਟਾਫ਼ ਵਿਸ਼ੇਸ਼ ਤੌਰ ‘ਤੇ ਹਾਜ਼ਰ ਸੀ ।

# ਯਾਰ ਨੀ ਗਵਾਈਦਾ

ਗੈਰਾਂ ਦੀਆਂ ਮਹਿਫਲਾਂ 'ਚ ਸਜਕੇ ਨੀ ਜਾਈਦਾ
ਪੁੱਤ ਜਵਾਨ ਨਾਲ ਨੀ ਪੈੱਗ ਟਕਰਾਈਦਾ
ਖੋਲੀਏ ਨਾ ਭੇਤ ਕਦੇ ਜਿਆਦਾ ਮੂਹਰੇ ਸੱਜਣਾ ਦੇ
ਆਪਣੇ ਦੁੱਖਾਂ ਦਾ ਕਦੇ ਰੌਲਾ ਨਹੀਓਂ ਪਾਈਦਾ
ਪੈਰ ਪੈਰ ਉੱਤੇ ਜੀਹਦਾ ਕਰੇ ਨਾ ਵਿਸਾਹ ਕੋਈ
ਫੋਕੀ ਟੌਹਰ ਲਈ ਕਦੇ ਘਰ ਨੀ ਬਿਠਾਈਦਾ
ਮੰਨ ਲਈਏ ਯਾਰ ਜੀਹਨੂੰ ਜਦੋਂ ਚਹੁੰ ਜਹਾਨੀ
ਦੂਜੇ ਦਰ ਵਾਲਾ ਨਹੀਓਂ ਬੂਹਾ ਖੜਕਾਈਦਾ
ਸਮੇਂ ਦਾ ਕੀ ਹੈ ਇਹਤਾਂ ਲੰਘ ਈ ਏ ਜਾਣਾ
ਮਾੜੇ ਵਕਤਾਂ 'ਚ ਕਦੇ ਮਨ ਨੀ ਡੁਲਾਈਦਾ
ਇਸ਼ਕਾਂ ਦੇ ਪੱਟਿਆਂ ਦੀ ਦਾਰੂ ਨੀ ਜਹਾਨ ਉੱਤੇ
ਕਰ ਅਰਦਾਸਾਂ ਬੱਸ ਯਾਰ ਹੀ ਮਨਾਈਦਾ
ਮਾੜੇ ਵਕਤਾਂ ਦੇ ਵਿੱਚ ਜੀਹਨੇ ਗ਼ਲ ਲਾਇਆ ਹੋਵੇ
ਭੁੱਲ ਕੇ ਵੀ ਕਦੇ ਉਹ ਯਾਰ ਨੀ ਗਵਾਈਦਾ
ਲਿਖਣਾ ਤਾਂ ਲਿਖ ਸੱਚ ਆਪਣੀ ਕਲਮ ਨਾਲ
ਝੂਠ ਦਾ ਨਕਾਬ ਓੜ ਸੱਚ ਨੀ ਗਵਾਈਦਾ

ਛੱਡੀਏ ਨਾ ਪੱਲਾ ਜੀਹਨੂੰ ਯਾਰ ਬਣਾ ਲਈਏ
ਬੇਵਫਾਈ ਵਾਲਾ ਪੱਲੇ ਨਹੀਓਂ ਦਾਗ਼ ਪਵਾਈਦਾ
ਮਿਲ ਜਾਏ ਤਾਨ ਜਦ ਨਾਲ ਪਰਮਾਤਮਾ ਦੇ
ਬੇਸੁਰੇ ਸਾਜਾਂ ਵੱਲ ਮੂੰਹ ਨੀ ਘੁਮਾਈਦਾ
ਸੱਜਣਾ ਪਿਆਰਿਆਂ ਨਾਲ ਰੌਲੇ ਨੀ ਕਰੀਦੇ
ਛੋਟੀ ਹੋਵੇ ਗੱਲ ਵੱਡਾ ਮੁੱਦਾ ਨੀ ਬਣਾਈਦਾ
ਗੈਰਾਂ ਦੀਆਂ ਮਹਿਫਲਾਂ 'ਚ ਆਪਣੇ ਨੀ ਭੰਡੀਦੇ
ਕਰ ਕਰ ਸ਼ੋਭਾ ਚੰਗਾ ਨਾਮ ਕਮਾਈਦਾ
ਲੱਖ ਬੁਰਿਆਈਆਂ ਹੋਣ ਸੱਜਣਾ ਪਿਆਰਿਆਂ 'ਚ
ਬੁੱਕ਼ਲ 'ਚ ਲੈ ਕੇ ਬੱਸ ਬੈਠ ਸਮਝਾਈਦਾ
ਜਮਾਨਾ ਦੁਰਕਾਰ ਦੇਵੇ ਲੱਖ ਚਾਹੇ ਸੱਜਣਾ ਨੂੰ
ਰੂਹਾਂ ਤੱਕ ਸੱਜਣਾ ਨਾਲ ਰਿਸ਼ਤਾ ਨਿਭਾਈਦਾ
ਦਿਲ 'ਚ ਪਿਆਰ ਹੋਵੇ ਜੇ ਸੱਚੇ ਦਿਲੋਂ ਗੁਰੂ ਨਾਲ
ਗੁਰੂਘਰ ਦੀਆਂ ਕੰਧਾਂ ਉੱਤੇ ਨਾਮ ਨੀ ਲਿਖਾਈਦਾ
ਲੁਕ ਜਾਵੇ ਜਿਹੜਾ ਜਦੋਂ ਚੱਲਦੀਆਂ ਤੇਗਾਂ ਹੋਣ
ਐਹੋ ਜਹੇ ਨਾ ਸ਼ੁਕਰਿਆਂ ਨੂੰ ਮੂੰਹ ਨੀ ਲਗਾਈਦਾ

ਮੁਹੱਬਤਾਂ ਦੇ ਚਿਰਾਗ ਨਾ ਬਲਣ ਘਰ ਬੇਗੈਰਤਾਂ ਦੇ
ਨਾ ਸ਼ੁਕਰੀਆਂ ਦੇ ਬੂਹੇ ਨਹੀਉਂ ਅਲਖ ਜਗਾਈਦਾ
ਐਸ ਪੀ ਕੋਈ ਬਣ ਜਾਊ ਤੇਰਾ ਵੀ ਜਹਾਨ ਉੱਤੇ
ਇਕੱਲੇ ਬੈਠ ਐਵੇਂ ਮਨ ਨੀ ਡੁਲਾਈਦਾ।



**ਸਤਿੰਦਰ ਪਾਲ ਸਿੰਘ**
**ਲੈਕਚਰਾਰ ਫਿਜ਼ਿਕਸ**
**9888045355**

# ਮੇਰਾ ਮੁਰਸ਼ਦ-(ਭਾ) ਗੁਰਸ਼ਰਨ ਸਿੰਘ







ਸਾਹਿਤ ਸਿਰਜਣ ਦੀ ਲਗਨ ਮੈਨੂੰ ਸਕੂਲ ਵਿੱਚ ਪੜ੍ਹਦਿਆਂ ਹੀ ਲੱਗ ਗਈ ਸੀ। ਦਸਵੀਂ ਜਮਾਤ ਵਿੱਚ ਪੜ੍ਹਦਿਆਂ (1968) ਮੇਰੀਆਂ ਦੋ ਕਹਾਣੀਆਂ ਪ੍ਰੀਤ ਨਗਰ ਤੋਂ ਛਪਦੇ 'ਬਾਲ ਸੰਦੇਸ਼' ਰਸਾਲੇ ਵਿੱਚ ਛਪ ਗਈਆਂ ਸਨ।

ਕਾਲਜ ਵਿੱਚ ਪੜ੍ਹਦਿਆਂ ਮੇਰੀ ਕਹਾਣੀਆਂ ਲਿਖਣ ਦੀ ਰਫ਼ਤਾਰ ਤੇਜ਼ ਹੋ ਗਈ। ਸਧਾਰਨ ਵਿਸ਼ਿਆਂ ਨਾਲ ਸਬੰਧਤ ਹੋਣ ਦੇ ਬਾਵਜੂਦ ਕਹਾਣੀਆਂ ਉਸ ਸਮੇਂ ਦੇ ਪ੍ਰਸਿੱਧ ਦੋ ਸਪਤਾਹਿਕ ਅਖ਼ਬਾਰਾਂ 'ਹਾਣੀ' ਅਤੇ 'ਸਮਰਾਟ' ਵਿੱਚ ਛਪਦੀਆਂ ਰਹੀਆਂ। ਉਨਾਂ ਹੀ ਦਿਨਾਂ ਵਿੱਚ ਗੁਰਸ਼ਰਨ ਭਾ ਜੀ ਸਰਦਲ ਰਸਾਲੇ ਦੀ ਸੰਪਾਦਨਾ ਅਤੇ ਪ੍ਰਕਾਸ਼ਨਾ ਕਰ ਰਹੇ ਸਨ। ਸਰਦਲ ਰਸਾਲੇ ਵਿੱਚ ਛੱਪਣ ਦੀ ਤਾਂਘ ਨੇ ਮੈਨੂੰ ਕਿਸੇ ਵਿਚਾਰਧਾਰਾ ਅਨੁਸਾਰ ਲਿਖਣ ਦੀ ਸਮਝ ਦਿਤੀ ਅਤੇ ਮੈਂ 'ਸਰਦਲ' ਦੀ ਵਿਚਾਰਧਾਰਾ ਅਪਣਾ ਕੇ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਗੁਰਸ਼ਰਨ ਭਾ ਜੀ ਨੇ ਮੇਰੀ ਹਰ ਕਹਾਣੀ ਸਰਦਲ ਵਿੱਚ ਛਾਪੀ। ਇਸ ਮਾਣ ਸਤਿਕਾਰ ਨਾਲ ਮੇਰਾ ਹੌਸਲਾ ਵਧਿਆ ਅਤੇ ਮੇਰੀ ਕਹਾਣੀਕਾਰ ਦੇ ਤੌਰ ਤੇ ਕੁਝ ਪਹਿਚਾਣ ਵੀ ਬਣ ਗਈ।

1971 ਵਿੱਚ ਮੈਂ ਆਪਣਾ ਪਹਿਲਾ ਨਾਵਲ 'ਅੱਗ ਦੇ ਬੀਜ਼' ਲਿਖਿਆ। ਇਸ ਨਾਵਲ ਨੂੰ ਗੁਰਸ਼ਰਨ ਭਾ ਜੀ ਨੇ ਛਾਪਿਆ।

ਮੇਰਾ ਉਤਸ਼ਾਹ ਹੋਰ ਵਧਿਆ।ਮੇਰੀ ਕਹਾਣੀ ਸਿਰਜਣ ਦੀ ਕਲਾ ਵਿੱਚ ਨਿਖ਼ਾਰ ਆਉਣ ਲੱਗ ਪਿਆ। ਮੇਰੀਆਂ ਕਹਾਣੀਆਂ ਥਾਂ ਥਾਂ ਛਪਣ ਲੱਗੀਆਂ। ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਲਾਮ' ਵੀ ਗੁਰਸ਼ਰਨ ਭਾ ਜੀ ਵੱਲੋਂ ਹੀ ਛਾਪਿਆ ਗਿਆ। 'ਕਾਫ਼ਲਾ' ਨਾਵਲ ਵੀ ਉਨਾਂ ਹੀ ਪ੍ਰਕਾਸ਼ਿਤ ਕੀਤਾ।

ਸਰਕਾਰੀ ਵਕੀਲ ਬਣਨ ਬਾਅਦ ਜਦੋਂ ਮੈਨੂੰ ਫੌਜਦਾਰੀ ਨਿਆ ਪ੍ਰਬੰਧ ਦੀਆਂ ਅੰਦਰਲੀਆਂ ਪਰਤਾਂ ਦੀ ਸਮਝ ਪਈ ਤਾਂ ਮੈਂ ਇੰਨਾ ਪਰਤਾਂ ਨੂੰ ਨਾਵਲਾਂ ਰਾਹੀਂ ਲੋਕਾਂ ਤੱਕ ਪਹੁੰਚਾਉਣ ਦਾ ਮਨ ਬਣਾਇਆ। ਇਸ ਪ੍ਰਬੰਧ ਦੀ ਪਹਿਲੀ ਕੜੀ ਪੁਲਿਸ ਬਾਰੇ ਮੈਂ 'ਤਫਤੀਸ਼' ਨਾਵਲ ਲਿਖਿਆ ਜੋ ਗੁਰਸ਼ਰਨ ਭਾ ਜੀ ਦੇ ਸ਼ਾਗਿਰਦ ਪੰਡਿਤ ਜੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਇਸ ਨਾਵਲ ਨੂੰ ਗੁਰਸ਼ਰਨ ਭਾ ਜੀ ਨੇ ਪਲਸ ਮੰਚ ਦੇ ਜਲੰਧਰ ਦੇ ਸਮਾਗਮ (ਜਨਵਰੀ 1990) ਵਿੱਚ ਲੋਕ ਅਰਪਣ ਕੀਤਾ ਅਤੇ ਨਾਵਲ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਫਿਰ 'ਕਟਹਿਰਾ', 'ਕੌਰਵ ਸਭਾ' ਅਤੇ :ਸੁਧਾਰ ਘਰ' ਨਾਵਲ ਵੀ ਉਨ੍ਹਾਂ ਦੇ ਹੱਥੋਂ ਹੀ ਲੋਕ ਅਰਪਣ ਹੋਏ। ਹਰ ਨਾਵਲ ਨੂੰ ਉਹਨਾਂ ਨੇ ਰੀਝ ਨਾਲ ਪੜ੍ਹਿਆ ਅਤੇ ਨਾਵਲਾਂ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਉਨ੍ਹਾਂ ਦੀ ਇਸ ਤਰੀਫ਼ ਨੇ ਮੇਰਾ ਹੌਸਲਾ ਵੀ ਵਧਾਇਆ ਅਤੇ ਮੈਨੂੰ ਇੱਕ ਸਮਰੱਥ ਨਾਵਲਕਾਰ ਦੇ ਤੌਰ ਤੇ ਵੀ ਸਥਾਪਿਤ ਕੀਤਾ।

ਗੁਰਸ਼ਰਨ ਭਾ ਜੀ ਦੀ ਵਿਚਾਰਧਾਰਾ ਤੋਂ ਮੈਂ ਇਨ੍ਹਾਂ ਪ੍ਰਭਾਵਿਤ ਸੀ ਕਿ ਤਿੰਨ ਨਾਵਲਾਂ ਦੀ ਲੜੀ ਤਫਤੀਸ਼ ਕਟਹਿਰਾ ਅਤੇ ਸੁਧਾਰ ਘਰ ਦਾ ਮੁੱਖ ਨਾਇਕ ਗੁਰਸ਼ਰਨ ਸਿੰਘ ਭਾ ਜੀ ਨੂੰ ਹੀ ਬਣਾਇਆ।

ਕੌਰਵ ਸਭਾ ਨਾਵਲ ਤੇ ਬੋਲਦਿਆਂ ਇੱਕ ਵਾਰ ਉਨ੍ਹਾਂ ਨੇ ਟਿੱਪਣੀ ਕੀਤੀ ਸੀ ਕਿ 35 ਸਾਲਾਂ ਵਿੱਚ ਜਿਨ੍ਹਾਂ ਤਿੰਨ ਨਾਵਲਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ ਉਹਨਾਂ ਵਿੱਚ ਨਾਨਕ ਸਿੰਘ ਦਾ ਨਾਵਲ ਪਵਿੱਤਰ ਪਾਪੀ ਗੁਰਦਿਆਲ ਸਿੰਘ ਦਾ ਮੜੀ ਦਾ ਦੀਵਾ ਅਤੇ ਹੁਣ ਕੌਰਵ ਸਭਾ ਹੈ।

ਉਨਾਂ ਦੀ ਇਹ ਟਿੱਪਣੀ ਮੇਰੇ ਲਈ ਸੈਂਕੜੇ ਨੋਬਲ ਪੁਰਸਕਾਰਾਂ ਦੇ ਬਰਾਬਰ ਹੈ। ਕੌਰਵ ਸਭਾ ਦੇ ਕਈ ਸੰਸਕਰਣਾਂ ਤੇ ਮੈਂ ਇਹ ਟਿੱਪਣੀ ਫ਼ਖ਼ਰ ਨਾਲ ਛਾਪਦਾ ਰਿਹਾ ਹਾਂ।

ਸੁਧਾਰ ਘਰ ਲਈ ਜਦੋਂ ਸਾਹਿਤ ਅਕੈਡਮੀ (ਦਸੰਬਰ 2008) ਪੁਰਸਕਾਰ ਦਾ ਐਲਾਨ ਹੋਇਆ ਤਾਂ ਸੰਘਣੀ ਧੁੰਦ ਹੋਣ ਹੋਣ ਦੇ ਬਾਵਜੂਦ ਮੈਂ ਚੰਡੀਗੜ੍ਹ ਜਾ ਕੇ ਪੁਰਸਕਾਰ ਗੁਰਸ਼ਰਨ ਭਾ ਜੀ ਨੂੰ ਸਮਰਪਣ ਕਰਨ ਦਾ ਮਨ ਬਣਾਇਆ। ਘਰਦਿਆਂ ਨੇ ਕਿਹਾ ਵੀ ਕਿ ਪਹਿਲਾਂ ਫ਼ੋਨ ਕਰਕੇ ਪਤਾ ਕਰ ਲਵੋ ਕਿ ਉਹ ਘਰ ਹਨ ਵੀ ਜਾਂ ਨਹੀਂ। ਮੈਂ ਜਵਾਬ ਦਿੱਤਾ ਕਿ ਮੈਂ ਤਾਂ ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨਾ ਹੈ। ਉਹ ਘਰ ਹੋਣ ਜਾਂ ਨਾ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਉਸ ਦਿਨ ਉਹ ਸੱਚ ਮੁੱਚ ਘਰ ਨਹੀਂ ਸਨ। ਮਾਤਾ ਜੀ ਨਾਲ ਖੁਸ਼ੀ ਸਾਂਝੀ ਕਰਕੇ ਮੈਂ ਵਾਪਸ ਮੁੜ ਆਇਆ। ਸ਼ਾਮ ਨੂੰ ਭਾ ਜੀ ਦਾ ਫ਼ੋਨ ਆ ਗਿਆ। ਸਮਾਂ ਨਿਸ਼ਚਿਤ ਕਰਕੇ ਮੈਂ ਉਨ੍ਹਾਂ ਦੇ ਚਰਨਾਂ ਵਿੱਚ ਜਾ ਬੈਠਿਆ।

ਮੈਨੂੰ ਸਾਹਿਤ ਅਕੈਡਮੀ ਪੁਰਸਕਾਰ ਮਿਲਣ ਤੇ ਉਹਨਾਂ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਇਹ ਪੁਰਸਕਾਰ ਉਹਨਾਂ ਨੂੰ ਖ਼ੁਦ ਨੂੰ ਮਿਲਿਆ ਹੋਵੇ। ਖੁਸ਼ੀ ਉਹਨਾਂ ਤੋਂ ਸਾਂਭੀ ਨਹੀਂ ਸੀ ਜਾ ਰਹੀ।

" ਦੇਖ ਮੀਤ ਮੈਂ 1970 ਵਿੱਚ ਹੀ ਤੇਰੇ ਅੰਦਰਲੀ ਪ੍ਰਤਿਭਾ ਨੂੰ ਪਹਿਚਾਣ ਲਿਆ ਸੀ ਨਾ? ਇਹ ਪੁਰਸਕਾਰ ਤੈਨੂੰ ਨਹੀਂ ਮੇਰੀ ਚੋਣ ਲਈ ਮੈਨੂੰ ਮਿਲਿਆ ਹੈ।" ਇਹ ਉਨ੍ਹਾਂ ਦੀ ਪਹਿਲੀ ਪ੍ਰਤੀਕਿਰਿਆ ਸੀ।

ਫੇਰ ਉਹਨਾਂ ਨੇ ਕਿਹਾ "ਆਪਣੇ ਕਾਫ਼ਲੇ ਵਿੱਚ ਚਲੇ ਬਹੁਤ ਸਾਰੇ ਸਾਹਿਤਕਾਰਾਂ ਨੇ ਆਪਣੀ ਵਿਚਾਰਧਾਰਾ ਬਦਲ ਲਈ ਹੈ। ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਤੂੰ ਅੱਜ ਤੱਕ ਆਪਣੀ ਵਿਚਾਰਧਾਰਾ ਤੇ ਪਹਿਰਾ ਦੇ ਰਿਹਾ ਹੈਂ ਅਤੇ ਇੱਕ ਵੀ ਸਤਰ ਇਧਰ ਉਧਰ ਨਹੀਂ ਲਿਖੀ।"

ਮੈਨੂੰ ਫ਼ਖ਼ਰ ਹੈ ਕਿ ਮੇਰੇ ਅੰਦਰ ਗੁਰਸ਼ਰਨ ਭਾ ਜੀ ਦੀ ਜੁਝਾਰੂ ਜੋਤ ਦਾ ਕੁੱਝ ਅੰਸ਼ ਅੱਜ ਵੀ ਪ੍ਰਚਲਤ ਹੈ।



ਮਿੱਤਰ ਸੈਨ ਮੀਤ

# ਲਾਲ ਪਿਆਜ਼ਾਂ ਦੇ ਛਿਲਕੇ -ਇੱਕ ਦਵਾਈ

ਜਿਸ ਨੂੰ ਤੁਸੀਂ ਬੇਕਾਰ ਸਮਝੋ, ਬਣਦਾ ਇੱਕ ਦਵਾਈ। ਪਿਆਜਾਂ ਦਾ ਉਪਰਲਾ ਛਿਲਕਾ ਤੇ ਇੱਕ ਮੋਟਾ ਛਿਲਕਾ, ਸਾਂਭੋ ਹਵਾਦਾਰ ਥੈਲੀ ਵਿੱਚ ਭਾਈ।ਚੰਗੀ ਤਰ੍ਹਾਂ ਸੁਕਾਉਣ ਤੋਂ ਬਾਅਦ, ਛਿਲਕੇ ਪਾਣੀ ਵਿੱਚ ਉਬਾਲੋ। ਪੁਣ ਛਾਣ ਕੇ ਬਰਤਨ ਵਿੱਚ ਪਾ ਲਓ, ਪੀਣ ਲਈ ਤਿਆਰ ਹੋ ਗਈ ਤੁਹਾਡੀ ਦਵਾਈ। ਛੋਟੀਆਂ ਮੋਟੀਆਂ ਤਕਲੀਫਾਂ, ਦਰਦਾਂ ਜੋੜਾਂ ਦੀਆਂ, ਗਠੀਏ ਦੀਆਂ ਦਰਦਾਂ ਖਤਮ ਹੋ ਜਾਈ। ਭਾਵੇਂ ਰੋਜ ਦੋ ਤਿੰਨ ਚਮਚ, ਸਬਜ਼ੀ, ਦਾਲਾਂ, ਵਿੱਚ ਪਾ ਕੇ ਖਾਓ। ਹਾਜ਼ਮਾਂ ਮਜਬੂਤ ਬਣਾਓ। ਦਿਮਾਗੀ ਤੌਰ ਤੇ ਵੀ ਤੰਦਰੁਸਤ ਰੱਖਦਾ, ਕਿਸੇ ਕਿਸਮ ਦਾ ਨਾ ਹੁੰਦਾ ਘਬਰਾਓ। ਫੇਫੜਿਆਂ ਤੇ ਬਲੱਡ ਕੈਂਸਰ ਨੂੰ ਠੀਕ ਕਰਦਾ, ਨਾਲੇ ਦਿਮਾਗੀ ਸੋਜ਼ਿਸ਼ ਤੋਂ ਕਰਦਾ ਬਚਾਓ। ਲਾਲ ਪਿਆਜ ਭਾਵੇਂ ਮਹਿੰਗੇ ਹੁੰਦੇ, ਪਰ ਸਰੀਰ ਵਿੱਚ ਲਿਆਉਂਦੇ ਠਹਿਰਾਓ। ਪਿਆਜ ਦੀਆਂ ਹੁੰਦੀਆਂ ਤਿੰਨ ਕਿਸਮਾਂ,ਸਫੈਦ, ਪੀਲਾ ਅਤੇ ਲਾਲ,ਲਾਲ ਰੰਗ ਦਾ ਪਿਆਜ



ਹੁੰਦਾ ਸਭ ਤੋਂ ਚੰਗਾ। ਭੁੱਲ ਕੇ ਵੀ ਨਾ ਸਿੱਟੋ ਇਸ ਦੇ ਛਿਲਕੇ, ਐਂਟੀ-ਔਕਸੀਡੈਂਟ ਬਣਾਉਣ ਵਾਲੇ ਪਦਾਰਥਾਂ ਨੂੰ ਮਿੰਟਾਂ ਚ ਖਤਮ ਕਰ ਦਿੰਦਾ। ਕੁਅਰਸਟੀਨ(Queirsifn) ਨਾਮ ਦਾ ਪਦਾਰਥ, ਇਸ ਵਿੱਚ ਭਰਪੂਰ ਮਾਤਰਾ ਵਿੱਚ ਹੁੰਦਾ। ਕੋਲੈਸਟਰੋਲ ਨੂੰ ਰੱਖਦਾ ਠੀਕ, ਖ਼ੂਨ ਦਾ ਦਬਾਓ ਸਮਾਨ ਹੈ ਰਹਿੰਦਾ।ਲਿੰਗਿਕ ਕਮਜ਼ੋਰੀ ਨੂੰ ਦਿੰਦਾ ਮਜਬੂਤੀ, ਅਸਰ ਨਾ ਕਰਦੀ ਕੋਈ ਵਿਭੂਤੀ। ਕੁਝ ਧਰਮਾਂ ਵਿੱਚ, ਖਾਸ ਕਰਕੇ ਬ੍ਰਹਮ ਕੁਮਾਰੀਆਂ ਨੂੰ ਪਿਆਜ ਤੋਂ ਰੱਖਿਆ ਜਾਂਦਾ ਵਰਜਿਤ, ਤਾਂ ਕਿ ਉਹ ਹੋਣ ਨਾ ਪ੍ਰਭਾਵਿਤ। ਲਾਲ ਸੇਬ, ਲਾਲ ਪਿਆਜ, ਲਾਲ ਵਾਈਨ, ਲਾਲ ਸ਼ਿਮਲਾ ਮਿਰਚ, ਅਤੇ ਗਰੀਨ ਟੀ, ਸਭ ਵਿੱਚ, ਕੁਇਰਸਿਟੀਨ ਮੁਫਤ ਵਿੱਚ, ਹੈ ਮਿਲਦਾ। ਬਾਜ਼ਾਰ ਵਿੱਚ ਭਾਵੇਂ ਸਪਲੀਮੈਂਟ ਨੇ ਮਿਲਦੇ, ਪਰ ਉਹ ਸੌਦਾ ਮਹਿੰਗਾ ਹੈ ਪੁੱਗਦਾ।



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ।
ਹਾਲ-ਆਬਾਦ ਬ੍ਰਿਸਬੇਨ,
ਆਸਟ੍ਰੇਲੀਆ ਫੋਨ ਨੰਬਰ :
9878469639

# ਪਛਤਾਵਾ: ਪਰਿਵਾਰ ਦੇ ਘਰੇਲੂ ਕਲੇਸ਼ ਦੀ ਕਹਾਣੀ

ਸੂਬੇਦਾਰ ਅਜ਼ੀਤ ਸਿੰਘ ਇਹ ਉਹ ਸ਼ਖ਼ਸ ਦਾ ਨਾਮ ਸੀ ਜਿਸ ਨੇ ਦੇਸ਼ ਦੀਆਂ ਸਰਹੱਦਾਂ ਤੇ ਦੁਸ਼ਮਣਾਂ ਨੂੰ ਧੂਲ ਚਟਾਈ ਸੀ। ਭਾਰਤੀ ਫੌਜ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਆਪਣੇ ਹੁਨਰ ਦਾ ਲੋਹਾ ਮਨਵਾਉਣ ਵਾਲੇ ਸੂਬੇਦਾਰ ਅਜ਼ੀਤ ਸਿੰਘ ਦੇ ਬੜੇ ਅਜੀਬੋ ਗਰੀਬ ਕਿੱਸੇ ਕਹਾਣੀਆਂ ਅਕਸਰ ਲੋਕ ਫੌਜ ਵਿੱਚ ਸੁਣਾਇਆ ਕਰਦੇ ਸਨ। ਆਪਣੀ 28 ਸਾਲਾਂ ਦੀ ਨੌਕਰੀ ਦੌਰਾਨ ਸ ਅਜ਼ੀਤ ਸਿੰਘ ਸੈਨਾ ਮੈਡਲ, ਅਤੇ ਵਿਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਿਤ ਸਨ।

ਫੌਜ ਤੋਂ ਰਿਟਾਇਰ ਹੋਏ ਤਾਂ ਭਾਰਤੀ ਫੌਜ ਨੇ ਕੈਪਟਨ ਦੇ ਔਹਦੇ ਨਾਲ ਸਨਮਾਨਿਤ ਕੀਤਾ। ਘਰ ਪਹੁੰਚੇ ਤਾਂ ਪਿੰਡ ਵਾਲਿਆਂ ਨੇ ਕੈਪਟਨ ਅਜ਼ੀਤ ਸਿੰਘ ਦੀ ਅਗਾਂਹਵਧੂ ਸੋਚ ਤੇ ਸਾਰਥਿਕ ਭੂਮਿਕਾ ਦੀ ਉਮੀਦ ਲੈ ਕੇ ਸਰਬ ਸੰਮਤੀ ਨਾਲ ਪਿੰਡ ਦਾ ਸਰਪੰਚ ਚੁਣ ਲਿਆ। ਕੈਪਟਨ ਅਜ਼ੀਤ ਸਿੰਘ ਨੇ ਪਿੰਡ ਦੇ ਸਰਬਪੱਖੀ ਵਿਕਾਸ ਤੋਂ ਇਲਾਵਾ ਪਰਿਵਾਰਾਂ ਦੇ ਘਰੇਲੂ ਕਲੇਸ਼, ਦੀਆਂ ਉਲਝਣਾਂ ਅਤੇ ਨੌਜਵਾਨ ਪੀੜ੍ਹੀ ਦੇ ਮਾਨਸਿਕ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇ ਕੇ ਖੇਡਾਂ ਵੱਲ ਪ੍ਰੇਰਿਤ ਕੀਤਾ, ਜਿਨ੍ਹਾਂ ਮਾਨ ਸਨਮਾਨ ਫੌਜ ਵੱਲੋਂ ਮਿਲਿਆ ਉਸ ਤੋਂ ਕਿਤੇ ਜ਼ਿਆਦਾ ਸਨਮਾਨ ਪਿੰਡ ਅਤੇ ਇਲਾਕੇ ਦੇ ਲੋਕਾਂ ਵੱਲੋਂ ਮਿਲਿਆ। ਪਰ ਅਫਸੋਸ ਦੀ ਗੱਲ ਇਹ ਸੀ ਜਿਸ ਸ਼ਖ਼ਸ ਦੀ ਲੋਕ ਪ੍ਰਸੰਸਾ ਕਰਦੇ ਨਾ ਥੱਕਦੇ ਉਸ ਸ਼ਖ਼ਸ ਦੀ ਆਪਣੇ ਭਰਾ ਸੁਰਜੀਤ ਸਿੰਘ ਨਾਲ ਕਦੇ ਵੀ ਨਹੀਂ ਬਣੀ। ਛੋਟੀਆਂ ਛੋਟੀਆਂ ਗੱਲਾਂ ਤੋਂ ਅਕਸਰ ਨਰਾਜ਼ਗੀ ਪੱਥਰ ਤੇ ਲੀਕ ਵਾਂਗ ਸੀ।

ਇੱਕ ਦਿਨ ਪਾਣੀ ਦੀ ਵਾਰੀ ਨੂੰ ਲੈ ਕੇ ਦੋਹਾਂ ਭਰਾਵਾਂ ਵਿੱਚ ਕਾਫੀ ਬਹਿਸ ਬਸ਼ੱਈਆ ਹੋ ਗਿਆ ਤੇ ਗੱਲ਼ ਵੱਡੇ ਝਗੜੇ ਦਾ ਰੂਪ ਧਾਰਨ ਕਰ ਗਈ। ਕੈਪਟਨ ਅਜ਼ੀਤ ਸਿੰਘ ਨੇ ਸੁਰਜੀਤ ਸਿੰਘ ਨੂੰ ਹਲਕਾ ਜਿਹਾ ਧੱਕਾ ਕੀ ਮਾਰਿਆ ਸੁਰਜੀਤ ਵੱਟ ਤੋਂ ਤਿਲਕ ਕੇ ਬਾਂਹ ਭਾਰ ਜਾ ਡਿੱਗਿਆ ਤੇ ਡੌਲੇ ਕੋਲੋਂ ਬਾਂਹ ਟੁੱਟ ਗਈ ਮਾਰਤਾ ਓਏ ਮਾਰਤਾ ਹੋ ਗਈ

ਕੁੱਝ ਲੋਕ ਕੈਪਟਨ ਅਜ਼ੀਤ ਸਿੰਘ ਦੇ ਹੱਕ ਵਿੱਚ ਖੜ ਗਏ ਤੇ ਕੁੱਝ ਸੁਰਜੀਤ ਸਿੰਘ ਜੀ ਹੱਕ ਵਿੱਚ

ਆਪਣੀ ਆਪਣੀ ਹਾਊਮੈ ਨੂੰ ਪੱਠੇ ਪਾਉਣ ਲਈ ਜ਼ੋਰ ਅਜ਼ਮਾਇਸ਼ ਹੋਣ ਲੱਗੀ। ਪਿੰਡ ਦੇ ਸੂਝਵਾਨ ਲੋਕਾਂ ਨੇ ਬੜਾ ਸਮਝਾਇਆ ਪਰ ਹੰਕਾਰ ਨੇ ਝੁਕਣ ਨਹੀਂ ਦਿੱਤਾ।

ਇੱਕ ਦੂਜੇ ਤੇ ਪਰਚੇ ਦਰਜ ਕਰਵਾਉਣ ਲਈ ਵੱਡੇ ਪੱਧਰ ਤੇ ਪੈਸਾ ਤੇ ਸਿਫਾਰਸ਼ਾਂ ਦਾ ਬਲ ਪ੍ਰਯੋਗ ਹੋਇਆ। ਪੈਸਾ ਪਾਣੀ ਵਾਂਗ ਬਹਾਇਆ ਗਿਆ।

ਕਈ ਦਿਨ ਪੁਲਿਸ ਪ੍ਰਸ਼ਾਸਨ ਦੋਵੇਂ ਪਾਸਿਓਂ ਪੈਸਾ ਖਾਂਦਾ ਰਿਹਾ ਤੇ

ਦੋਹਾਂ ਭਰਾਵਾਂ ਨੂੰ ਸਮਝਾਉਣ ਦੀਆਂ ਕਈ ਕੋਸ਼ਿਸ਼ਾਂ ਕਰਦਾ ਰਿਹਾ ਪਰ ਕੋਈ ਵੀ ਝੁਕਣ ਲਈ ਤਿਆਰ ਨਾ ਹੋਇਆ।

ਆਖਰ ਸੁਰਜੀਤ ਸਿੰਘ ਦੇ ਬਿਆਨਾਂ ਤੇ ਕੈਪਟਨ ਅਜ਼ੀਤ ਸਿੰਘ ਉਪਰ ਭਾਰਤੀ ਕਾਨੂੰਨ ਦੀ ਧਾਰਾ 323, 324, 325, 326 107, 151 ਤਹਿਤ ਪਰਚਾ ਦਰਜ ਕਰ ਦਿੱਤਾ ਗਿਆ।

ਸੁਰਜੀਤ ਸਿੰਘ ਜਥੇਬੰਦੀਆਂ ਦੇ ਜ਼ੋਰ , ਸਿਫ਼ਾਰਸ਼ਾਂ, ਤੇ ਪੈਸੇ ਦੇ ਜ਼ੋਰ ਨਾਲ ਆਪਣੇ ਭਰਾ ਨੂੰ ਜੇਲ੍ਹ ਭਿਜਵਾਉਣ ਵਿੱਚ ਕਾਮਯਾਬ ਹੋ ਗਿਆ।

ਕੈਪਟਨ ਅਜੀਤ ਸਿੰਘ ਦੇ ਪਰਿਵਾਰ ਨੇ ਚੰਗਾ ਮਹਿੰਗਾ ਵਕੀਲ ਕਰਕੇ ਜ਼ਮਾਨਤ ਅਰਜ਼ੀ ਦਾਇਰ ਕਰ ਦਿੱਤੀ। ਕਈ ਦਿਨ ਭੱਜ ਦੌੜ ਕਰਕੇ ਆਖ਼ਿਰ ਇੱਕ ਮਹੀਨੇ ਬਾਅਦ ਕੈਪਟਨ ਅਜ਼ੀਤ ਸਿੰਘ ਜੇਲ੍ਹ ਦੀਆਂ ਰੋਟੀਆਂ ਖਾ ਕੇ ਬਾਹਰ ਆਏ, ।

ਇਸ ਝਗੜੇ ਤੋਂ ਬਾਅਦ ਦੋਹਾਂ ਭਰਾਵਾਂ ਦੇ ਰਿਸ਼ਤੇ ਵਿੱਚ ਲਾਲ ਝੰਡਾ ਕਾਇਮ ਹੋ ਗਿਆ। ਹਰ ਮਹੀਨੇ ਮਾਨਯੋਗ ਅਦਾਲਤ ਵੱਲੋਂ ਤਰੀਕਾਂ ਸੁਣਾਈਆਂ ਜਾਂਦੀਆਂ । ਦੋਵੇਂ ਭਰਾ ਟਾਇਮ ਨਾਲ ਆਪਣੇ ਆਪਣੇ ਵਕੀਲਾਂ ਦੇ ਕੈਬਿਨ ਵਿੱਚ ਜਾਂ ਬਹਿੰਦੇ। ਬਾਅਦ ਦੁਪਹਿਰ ਅਦਾਲਤ ਵੱਲੋਂ ਅਵਾਜ਼ ਪੈਂਦੀ ਤੇ ਅਗਲੀ ਤਰੀਕ ਬਾਰੇ ਦੱਸਿਆ ਜਾਂਦਾ।

ਇਸੇ ਤਰ੍ਹਾਂ ਤਰੀਕਾਂ ਭੁਗਤਿਆ ਭੁਗਤਿਆ ਲਗਭਗ ਸੱਤ ਸਾਲਾਂ ਦਾ ਸਮਾਂ ਬੀਤ ਗਿਆ। ਦੋਹਾਂ ਭਰਾਵਾਂ ਦੇ ਘਰਾਂ ਵਿੱਚ ਕਈ ਖੁਸ਼ੀਆਂ ਗ਼ਮੀਆਂ ਦੇ ਮੌਕੇ ਆਏ ਪਰ ਦੋਵਾਂ ਭਰਾਵਾਂ ਨੇ ਕਦੇ ਵੀ ਖੁਸ਼ੀ ਗਮੀ ਸਾਂਝੀ ਨਹੀਂ ਕੀਤੀ।

ਸਾਂਝੀ ਮੋਟਰ ਤੇ ਕੋਰਟ ਨੇ ਸਟੇਅ ਲਾਇਆ ਹੋਣ ਕਰਕੇ ਪਿਛਲੇ ਸੱਤ ਸਾਲਾਂ ਬੰਦ ਪਈ ਜੰਗਾਲ ਖਾ ਰਹੀ ਸੀ। ਸਮਾਂ ਆਪਣੀ ਚਾਲੇ ਚੱਲਦਾ ਰਿਹਾ ਹੁਣ ਦੋਵੇਂ ਭਰਾ ਤਰੀਕਾਂ ਭੁਗਤ ਭੁਗਤ ਕੇ ਵੀ ਅੱਕ ਚੁੱਕੇ ਸਨ ਤੇ ਅਪਣੇ ਵਕੀਲਾਂ ਨੂੰ ਬਹਿਸ ਕਰਵਾਉਣ ਲਈ ਜ਼ੋਰ ਪਾਉਣ ਲੱਗੇ ।ਵਕੀਲ ਹੁਣ ਕਿਸੇ ਨਾ ਕਿਸੇ ਬਹਾਨੇ ਕੇਸ ਨੂੰ ਹੋਰ ਚਲਾਉਣਾ ਚਾਹੁੰਦੇ ਸਨ ਕਿਉਂਕਿ ਹਰ ਮਹੀਨੇ ਥੋੜੀ ਬਹੁਤੀ ਮਾਇਆ ਫ਼ੀਸ ਦੇ ਰੂਪ ਵਿੱਚ ਮਿਲ ਜਾਂਦੀ ਸੀ।

ਆਖਿਰ ਉਹ ਤਰੀਕ ਵੀ ਆ ਗਈ ਜਿਸ ਤਰੀਕ ਦਾ ਪਿਛਲੇ 8 ਸਾਲਾਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ ਤਰੀਕਾਂ ਭੁਗਤ ਰਹੇ ਸਨ।

ਸੁਰਜੀਤ ਸਿੰਘ ਦੇ ਵਕੀਲ ਨੇ ਅਗਲੀ ਤਰੀਕ ਤੇ ਆਪਣੇ ਗਵਾਹ ਪੇਸ਼ ਕਰਨ ਦੀ ਹਦਾਇਤ ਕੀਤੀ। ਸ਼ੁਰੂਆਤੀ ਕੇਸ ਵਿੱਚ ਜਿਹੜੇ ਗਵਾਹ ਬਣੇ ਸਨ ਅੱਜ ਪੈਰ ਪਿੱਛੇ ਖਿੱਚ ਗਏ ਸਨ। ਆਖਿਰ ਕੋਈ ਗਵਾਹੀ ਦੇਣ ਲਈ ਤਿਆਰ ਨਹੀਂ ਹੋਇਆ। ਆਖਿਰ ਫੈਸਲੇ ਦੀਆਂ ਘੜ੍ਹੀਆਂ ਆ ਪਹੁੰਚੀਆਂ ਸਨ। ਅਦਾਲਤ ਵਿੱਚ ਦੋਵੇਂ ਭਰਾਂ ਆਪਣੇ ਆਪਣੇ ਵਕੀਲਾਂ ਨਾਲ ਮਾਨਯੋਗ ਅਦਾਲਤ ਵਿੱਚ ਪੇਸ਼ ਹੋਏ। ਮਾਨਯੋਗ ਜੱਜ ਸਾਹਿਬ ਨੇ ਕੇਸ ਨੂੰ ਚੰਗੀ ਤਰ੍ਹਾਂ ਪੜਿਆ ਤੇ ਵਕੀਲਾਂ ਦੀਆਂ ਦਲੀਲਾਂ ਸੁਣੀਆਂ। ਦੋਹਾਂ ਵਕੀਲਾਂ ਨੇ ਆਪਣੇ ਆਪਣੇ ਪੱਖ ਪੇਸ਼ ਕੀਤੇ ਗਏ। ਵਕੀਲਾਂ ਦੀਆਂ ਦਲੀਲਾਂ ਅਤੇ ਸਬੂਤਾਂ ਗਵਾਹਾਂ ਦੇ ਬਿਆਨਾ ਤੋਂ ਬਾਅਦ ਮਾਨਯੋਗ ਅਦਾਲਤ ਨੇ ਕੈਪਟਨ ਅਜ਼ੀਤ ਸਿੰਘ ਨੂੰ ਇੱਕ ਮਹੀਨੇ ਜੇਲ੍ਹ ਅਤੇ ਇੱਕ ਹਜ਼ਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ ਇੱਕ ਮਹੀਨਾ ਜੇਲ੍ਹ ਤਾਂ ਅਜ਼ੀਤ ਸਿੰਘ ਪਹਿਲਾਂ ਹੀ ਕੱਟ ਚੁਕਿਆ ਸੀ। ਹੁਣ ਤਾਂ ਸਿਰਫ਼ ਇੱਕ ਹਜ਼ਾਰ ਰੁਪਏ ਜ਼ੁਰਮਾਨਾ ਜਮ੍ਹਾਂ ਕਰਵਾ ਦਿੱਤਾ ਤੇ ਕੇਸ ਦੀ ਫਾਇਲ ਬੰਦ ਕਰ ਦਿੱਤੀ ਗਈ। ਅਜ਼ੀਤ ਤੇ ਸੁਰਜੀਤ ਦੋਵੇਂ ਭਰਾ ਅਦਾਲਤ ਵਿੱਚੋ ਬਾਹਰ ਆਉਂਦੇ ਹੋਏ ਆਪਣੇ ਮਨ ਹੀ ਮਨ ਵਿਚਾਰਾਂ ਕਰ ਰਹੇ ਸਨ। ਭਰਾਵਾਂ ਦੇ ਮਾਮੂਲੀ ਜਿਹੇ ਝਗੜੇ ਦਾ ਸਾਡੇ ਪਰਿਵਾਰ ਨੂੰ ਕਿੰਨਾ ਵੱਡਾ ਨੁਕਸਾਨ ਝੱਲਣਾ ਪਿਆ ਹੈ।

ਵਿਚਾਰਾਂ ਦੀ ਘੁੰਮਣਘੇਰੀ ਵਿੱਚ ਫਸੇ ਹੋਏ ਦੋਵੇਂ ਭਰਾ ਕੋਰਟ ਕੰਪਲੈਕਸ ਦੇ ਬਾਹਰ ਬਣੇ ਰੈਸਟੋਰੈਂਟ ਵਿੱਚ ਆ ਬੈਠੇ। ਦੋਵੇਂ ਭਰਾ ਅਲੱਗ ਅਲੱਗ ਟੇਬਲਾ ਤੇ ਬੈਠੇ ਸਨ ਪਰ ਦੋਹਾਂ ਦੇ ਵਕੀਲ ਇੱਕੋ ਟੇਬਲ ਤੇ ਮੌਜ ਮਸਤੀ ਦੀਆਂ ਗੱਲਾਂ ਮਾਰਦੇ ਰਹੇ। ਇਹ ਦੇਖ ਕੇ ਅਜ਼ੀਤ ਸਿੰਘ ਨੇ ਫਿਰ ਸਾਰੇ ਹਿਸਾਬ ਕਿਤਾਬ ਲਾਉਂਣੇ ਸ਼ੁਰੂ ਕੀਤੇ । ਸਾਡੇ ਭਰਾਵਾਂ ਦੇ ਹਾਊਮੈ ਨੇ ਕਿੰਨੇ ਲੋਕਾਂ ਨੂੰ ਲਾਭ ਪਹੁੰਚਾਇਆ ਹੈ ਤੇ ਅਸੀਂ ਆਪਣਾ ਤੇ ਆਪਣੇ ਪਰਿਵਾਰ ਦਾ ਕੀ ਕੀ ਨੁਕਸਾਨ ਕਰ ਚੁੱਕੇ ਹਾਂ।

ਸਾਡੇ ਛੋਟੇ ਛੋਟੇ ਝਗੜਿਆਂ ਕਰਕੇ ਕਿੰਨੇ ਪੁਲਿਸ ਵਾਲੇ ਆਪਣੇ ਪਰਿਵਾਰ ਪਾਲ ਰਹੇ, ਕਿੰਨੇ ਸਰਕਾਰੀ ਡਾਕਟਰ ਲੋਕਾਂ ਨੂੰ ਲੁੱਟੀ ਜਾ ਰਹੇ, ਕਿੰਨੇ ਵਕੀਲਾਂ ਦੀਆਂ ਦੁਕਾਨਾਂ ਚੱਲਦੀਆਂ, ਕਿੰਨੀਆਂ ਫੋਟੋ ਸਟੇਟਾਂ, ਤੇ ਅਰਜ਼ੀ ਨਵੀਸ ਆਪਣੇ ਪਰਿਵਾਰ ਪਾਲ ਰਹੇ। ਆ ਚਾਹ ਦੀਆਂ ਰੇਹੜੀਆਂ ਲਾਉਣ ਵਾਲਿਆਂ ਨੇ ਵੀ ਰੈਸਟੋਰੈਂਟ ਖੋਲ ਲਏ ਆ। ਸਾਡੇ ਝਗੜਿਆਂ ਕਾਰਨ ਰਾਜਨੀਤਕ ਲੋਕਾਂ ਦੀ ਬੱਲੇ ਬੱਲੇ ਆ ਛੋਟੇ ਛੋਟੇ ਘਰੇਲੂ ਝਗੜਿਆਂ ਕਰਕੇ ਚਲਾਕ ਲੋਕਾਂ ਨੇ ਕਿੰਨੀਆਂ ਜਥੇਬੰਦੀਆਂ ਬਣਾ ਲਈਆਂ ਫ਼ੈਸਲੇ ਕਰਵਾਉਣ ਲਈ ਤੇ ਮੋਟੀਆਂ ਰਕਮਾਂ ਵਸੂਲੀਆਂ ਜਾਂਦੀਆਂ ਝੂਠੀਆਂ ਸੱਚੀਆਂ ਗਵਾਹੀਆਂ ਦੇਣ ਲਈ। ਹੋਰ ਪਤਾ ਨਹੀਂ ਕਿੰਨੇ ਸਵਾਲ ਦਿਮਾਗ ਵਿੱਚ ਘੁੰਮ ਰਹੇ ਸਨ। ਫਿਰ ਕੈਪਟਨ ਅਜੀਤ ਸਿੰਘ ਨੇ ਬੜਾ ਹੌਸਲਾ ਜਿਹਾ ਕਰਕੇ ਆਪਣੇ ਭਰਾ ਸੁਰਜੀਤ ਨੂੰ ਜਾ ਜੱਫ਼ੀ ਪਾਈ ਤੇ ਟੇਬਲ ਤੇ ਬੈਠ ਕੇ ਗੱਲਾਂ ਕਰਨ ਲੱਗੇ ਸੁਰਜੀਤ ਸਿਆਂ ਆਪਾਂ ਇੱਕ ਹੰਕਾਰ ਕਰਕੇ ਇਸ ਝਗੜੇ ਵਿੱਚੋ ਕੀ ਖੱਟਿਆ ਹੈ। ਬੇਸ਼ਕੀਮਤੀ ਰਿਸ਼ਤਿਆਂ ਨੂੰ ਤਬਾਹ ਕਰ ਲਿਆ ਕਿੰਨੀਆਂ ਖੁਸ਼ੀਆਂ ਵਿਅਰਥ ਕਰ ਲਈ । ਕਿੰਨੇ ਦੁੱਖ ਆਏ ਅਸੀਂ ਕਿਸੇ ਦਾ ਹਾਲ ਵੀ ਨਹੀ ਪੁਛਿਆ। ਇਨ੍ਹਾਂ ਅੱਠ ਸਾਲਾਂ ਵਿੱਚ ਲੱਖਾਂ ਰੁਪਿਆਂ ਉਜਾੜ ਦਿੱਤਾ।

ਕੋਈ ਫਾਇਦਾ ਹੋਇਆ ਸਾਨੂੰ

ਸਾਡੀ ਨਲਾਇਕੀ ਤੇ ਆਕੜਬਾਜ਼ੀ ਨੇ ਸਭ ਰਿਸ਼ਤੇ ਤਬਾਹ ਕਰ ਦਿੱਤੇ ਹਨ।

ਇਸੇ ਹੈਂਕੜਬਾਜ਼ੀ ਬਾਜ਼ੀ ਕਰਕੇ ਜੇਲ੍ਹ ਭਰਦੀਆਂ ਜਾ ਰਹੀ ਰਹੇ।

ਸਿਆਸੀ ਤੇ ਸਿਆਣੇ ਲੋਕ ਆਪਣੇ ਬੱਚਿਆਂ ਨੂੰ ਜੱਜ ਵਕੀਲ ਡਾਕਟਰ ਬਣਾ ਰਹੇ।

ਅਸੀਂ ਆਪਣੇ ਬੱਚਿਆਂ ਦੇ ਕਿਰਦਾਰ ਨੂੰ ਕ੍ਰਿਮਿਨਲ ਕਰਦੇ ਜਾ ਰਹੇ।

ਸੁਰਜੀਤ ਸਿੰਘ ਕਹਿੰਦਾ ਭਰਾਵਾਂ ਉਹ ਸਭ ਠੀਕ ਆ ਪਰ ਹੁਣ ਪਛਤਾਉਣ ਦੀ ਕੀ ਫਾਇਦਾ।

ਹੁਣ ਤਾਂ ਵਕ਼ਤ ਬੀਤ ਚੁੱਕਿਆ ਹੈ।

ਜਦੋ ਤੱਕ ਅਸੀਂ ਆਪਣੀ ਹਾਊਮੈ ਨੂੰ ਪੱਠੇ ਪਾਉਂਦੇ ਰਹਾਂਗੇ ਉਦੋ ਤੱਕ ਇਹ ਕੋਰਟ ਕਚਹਿਰੀਆਂ, ਥਾਣੇ ,ਹਸਪਤਾਲ, ਤੇ ਜੇਲ੍ਹਾਂ ਭਰੀਆਂ ਹੀ ਰਹਿਣੀਆਂ ਹਨ।

ਦੋਵੇਂ ਭਰਾ ਆਪਣੇ ਆਪ ਹੀ ਸ਼ਰਮਿੰਦਗੀ ਮਹਿਸੂਸ ਕਰਦੇ ਹੋਏ ਆਪਣੀ ਆਪਣੀ ਗੱਡੀ ਵਿੱਚ ਬੈਠ ਕੇ ਘਰ ਲਈ ਰਵਾਨਾ ਹੋ ਗਏ।

ਇਥੇ ਤੱਕ ਕਹਾਣੀ ਪੜ੍ਹਨ ਲਈ ਆਪ ਜੀ ਦਾ ਬਹੁਤ ਬਹੁਤ ਸ਼ੁਕਰੀਆ ਜੀ

ਸਮਾਪਤ

ਸ ਕਸ਼ਮੀਰ ਸਿੰਘ ਭੁਲੱਥ
8146091954

# Dharmendra Remembered: How Bollywood's Most Human Superstar Became India's Favourite Hero

**THE ASIAN INDEPENDENT UK**

**By:Vidya Bhushan Rawat**

Film star Dharmendra lived a full and complete life. He was unapologetically himself—a man with a golden heart who loved fellow human beings and always spread the message of love. As an actor, some of his most iconic films came during the black-and-white era. He idolised Dilip Kumar and ultimately became like family to him. Anytime, anywhere, Dharmendra would speak passionately about his love and admiration for Dilip Kumar.

His journey began with Dil Bhi Tera Hum Bhi Tere, and he acted in some of the most fascinating films of his time. Shola Aur Shabnam, Anpadh, Ayi Milan Ki Bela, Haqeeqat, Purnima, Kajal, Mamta, Devar, Baharen Phir Ayengi, Aaye Din Bahar Ke, and Mere Humdum Mere Dost gave us unforgettable songs and stories. Later, he showcased his extraordinary range in films like Satyakam, Anupama, Chupke Chupke, Phool Aur Patthar, Guddi and many others. Frankly, he was a people's hero—immensely popular among rural audiences.

Dharmendra was never considered a "great actor" in the traditional critical sense, though his cinematic appeal as a star was far greater. Along with Hema Malini, they formed one of cinema's most loved couples. Yet Dharmendra rarely leaned on this laurel—he was his own man who lived his life on his own terms.

**Dharmendra: The People's Hero With a Golden Heart**

He was not a political person but joined the BJP and became its MP from Bikaner. He rarely attended Parliament and became one of the least-performing MPs—still better than his son Sunny Deol. But unlike some of his children, Dharmendra never turned fanatic. He was, at heart, a romantic who loved Urdu poetry, ghazals, and shayari. He never pretended to be someone he wasn't and remained unfiltered all his life. He enjoyed his whisky and openly admitted it; he always spoke straight from the heart.



Dharmendra enjoyed his life and leaves behind a big, successful legacy. He gave us some of the most beautiful films. We remember him as a great star who loved life and loved people.

A Star Who Stayed Rooted Even After Politics

I have said it many times and will say it again: Don't depend on film stars for your political thinking. If you love someone for their art, then love them for that. We admire their acting or singing. We have not yet reached a stage where our film stars can consistently speak meaningfully on public issues—they depend far too much on state patronage. If a government changes at the Centre, some stars suddenly become liberal and secular. It is always better for film stars to focus on their work rather than preach to us.

Dharmendra, though he briefly joined politics, realised the mistake and returned to his roots. In an industry filled with artificial people—who pretend to know things or pretend not to know them—Dharmendra was different. He remained close to his Punjabi roots and felt immensely proud of them. There is another man who left politics but remains a bigger politician than anyone else; I don't need to take his name.

Dharmendra entertained us and gave us some of the most outstanding films to watch. A big salute to his cinematic legacy.


ਜੈ ਭੀਮ ਜੈ ਭਾਰਤ



ਬਹੁਜਨ ਸਮਾਜ ਪਾਰਟੀ ਫ਼ਿਰੋਜ਼ਪੁਰ

ਵੱਲੋਂ:-

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਨੂੰ ਸਮਰਪਿਤ ਇਸਤਰੀ ਚੇਤਨਾ ਸੰਮੇਲਨ ਮੌਕੇ ਪਹੁੰਚਣ ਲਈ ਆਪ ਜੀ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਮਿਤੀ 06.12.2025, ਸਮਾਂ 11.30 ਸਵੇਰੇ

ਸਥਾਨ :- ਸਰਕਟ ਹਾਊਸ, ਮੋਗਾ ਰੋਡ, ਫ਼ਿਰੋਜ਼ਪੁਰ

ਮੁੱਖ ਮਹਿਮਾਨ
ਬੀਬੀ ਹਰਜਿੰਦਰ ਕੌਰ ਕਰੀਮਪੁਰੀ
ਸੀਨੀਅਰ ਇਸਤਰੀ ਆਗੂ, ਬਸਪਾ ਪੰਜਾਬ

ਮੁੱਖ ਬੁਲਾਰਾ
ਪ੍ਰਿੰਸੀਪਲ ਚੰਚਲ ਬੋਧ
M.A. (Eng., History, Pbi., Adm., M.ed)

ਵਿਸ਼ੇਸ਼ ਮਹਿਮਾਨ

ਸ: ਲਾਲ ਸਿੰਘ ਸੁਲਹਾਣੀ
ਜਨਰਲ ਸਕੱਤਰ ਬਸਪਾ, ਪੰਜਾਬ

ਸ਼੍ਰੀ ਓਮ ਪ੍ਰਕਾਸ਼ ਸਰੋਏ
ਜਨਰਲ ਸਕੱਤਰ ਬਸਪਾ, ਪੰਜਾਬ

ਪ੍ਰਧਾਨਗੀ:- ਸ਼੍ਰੀਮਤੀ ਸੁਨੀਤਾ ਸਹੋਤਾ (ਕਨਵੀਨਰ ਇਸਤਰੀ ਵਿੰਗ, ਬਸਪਾ ਜ਼ਿਲ੍ਹਾ ਫ਼ਿਰੋਜ਼ਪੁਰ)

ਵੱਲੋਂ

ਅਸ਼ੋਕ ਕਪਤਾਨ
ਜ਼ਿਲ੍ਹਾ ਪ੍ਰਧਾਨ ਬਸਪਾ, ਫ਼ਿਰੋਜ਼ਪੁਰ

ਸੁਖਦੇਵ ਸਿੰਘ ਭੱਟੀ
ਜ਼ਿਲ੍ਹਾ ਜਨਰਲ ਸਕੱਤਰ ਬਸਪਾ, ਫ਼ਿਰੋਜ਼ਪੁਰ

ਪ੍ਰਬੰਧਕ

ਜ਼ਿਲ੍ਹਾ ਕਨਵੀਨਰ :- ਐਡਵੋਕੇਟ ਐਮ.ਐਸ. ਖੋਖਰ, ਕੁਲਦੀਪ ਸਿੰਘ ਬਰਾੜ, ਤਾਰਾ ਸਿੰਘ ਮਾਰਸ਼ਲ

ਸਵਾਗਤੀ ਕਮੇਟੀ

ਹਰਬੰਸ ਸਿੰਘ ਸਾਂਦੇ, ਬੂਟਾ ਸਿੰਘ ਵਾਹਗੇ ਵਾਲਾ, ਪ੍ਰੇਮ ਭਾਰਤੀ, ਯੂਨਿਸ ਭੱਟੀ, ਹਦਾਇਤ ਵਾਲਮੀਕਿ, ਸਰਵਣ ਸਿੰਘ ਪੀਰਾਂ ਵਾਲਾ, ਡਾ. ਬਲਵਿੰਦਰ ਸਿੰਘ ਕੋਟ ਕਰੋੜ, ਮਲਕੀਅਤ ਸਿੰਘ ਚੌਹਾਨ

ਸੰਪਰਕ:- 70093-04224, 94637-83375
84373-92428, 98144-41121, 94651-87027

# Why was Dr. Ambedkar Frustrated with the Implementation of the Constitution?

**(Asian independent)** Dr. B.R. Ambedkar, the principal architect of the Indian Constitution, drafted a document that enshrined principles of social justice, equality, and safeguards for marginalized communities. However, by the early 1950s, he grew increasingly frustrated with its implementation under the Nehru-led government, viewing it as a betrayal of its egalitarian spirit. This frustration culminated in his resignation from the Union Cabinet on September 1951 (announced publicly on October 10, 1951) and later public statements, including a dramatic 1955 Rajya Sabha remark where he expressed willingness to "burn" the Constitution if it continued to serve the interests of the powerful rather than the oppressed. Below, I outline the primary reasons for his disillusionment, drawn from his speeches and writings.

Failure to Enforce Safeguards for Scheduled Castes (SCs) and Backward Classes

Ambedkar was deeply disappointed by the government's inaction on constitutional provisions meant to uplift depressed classes, such as reservations in public services and protections against discrimination (Articles 15, 16, 17, and 46). Despite these guarantees, SCs faced ongoing oppression, tyranny, and social exclusion, with police often failing to act on complaints of atrocities. Recruitment of SCs in government jobs remained negligible, as per departmental reports, and no commission was ever appointed to identify and aid Backward Classes—a constitutional mandate left to executive whim but never fulfilled. In his resignation speech, Ambedkar lamented: "The provisions made in the Constitution for the Backward Classes have not been implemented… The Scheduled Castes have not benefited from them." He contrasted this neglect with robust protections afforded to Muslims under the same framework, questioning why SCs, Scheduled Tribes, and Indian Christians—who faced greater vulnerability—received far less attention.

Stalling of Key Social Reforms, Notably the Hindu Code Bill

A cornerstone of Ambedkar's vision was reforming Hindu personal laws to eradicate caste-based inequalities, including inheritance, marriage, and women's rights—aligning with the Constitution's Directive Principles (Articles 38–39). As Law Minister, he piloted the Hindu Code Bill, but it was repeatedly delayed, under-discussed in Parliament, and ultimately shelved due to



opposition from conservative factions within the Congress party. Despite Cabinet assurances from Prime Minister Nehru to prioritize it, procedural hurdles and lack of party support led to its abandonment. Ambedkar saw this as a direct sabotage of the Constitution's social justice ethos, stating in his resignation speech that the government's "indifference" rendered such reforms "a dead letter," allowing caste hierarchies to persist unchecked.



**SR Darapuri, National President, All India Peoples Front**

Elite Capture and Upper-Caste Dominance in Governance

Ambedkar warned that the Constitution risked becoming a tool for the elite (whom he metaphorically called "Asuras" or demons) rather than a shield for the marginalized ("Devas" or gods). Upper-caste dominance in decision-making bodies ensured that policies favoured the powerful, sidelining Dalit and minority voices. He felt personally marginalized in the Cabinet—denied key economic portfolios despite his expertise, excluded from committees, and treated as a token representative rather than a policy driver. In a 1955 Rajya Sabha debate, he explained his "burn the Constitution" remark: "We built a temple for a god to come in and reside, but before the god could be installed if the devil had taken possession of it, what else could we do except destroy the temple?… I am quite prepared to say that I shall be the first person to burn it out. I do not want it. It does not suit anybody." This stemmed from fears of "elite capture," particularly by the Congress, which prioritized political consolidation over radical social change.

Misplaced Economic Priorities Over Social and Developmental Needs

Ambedkar prioritized industrialization, land reforms, and resource redistribution to combat poverty among the masses, but the government's focus on foreign policy and defence drained funds—e.g., Rs. 180 crores annually on the military out of a Rs. 350 crore budget—leaving little for food aid or economic upliftment. He criticized this as isolationist and wasteful, arguing it exacerbated hunger and inequality, contradicting the Constitution's commitments to welfare (Preamble and Directive Principles). In his view, such failures proved that "if things go wrong under the new Constitution, the reason will not be that we had a bad Constitution. What we will have to say is that Man was vile."

Ambedkar's overarching critique was that a flawless document means little without ethical implementers committed to its spirit. He reiterated in multiple forums that "however good a constitution may be, it is sure to turn out bad because those who are called to work it happen to be a bad lot." His frustrations highlighted a gap between constitutional ideals and ground realities, influencing his later conversion to Buddhism as a rejection of entrenched hierarchies. Despite this, he remained a defender of the document's framework, urging vigilance to prevent its perversion.

